# ਸਿਖਾਉਣ ਅਤੇ ਪ੍ਰਚਾਰ ਲਈ ਮਦਦ

ਜੌਨ ਕੈਚਲਮੈਨ

**‘‘ਉਸਦਾ ਨਾਂਅ ਅਲਕਾਨਾਹ ਸੀ’’**

**(1 ਸਮੂਏਲ 1:1)**

ਪੁਰਾਤਨ ਇਬਰਾਨੀ ਲੋਕਾਂ ਲਈ ਕਿਸੇ ਆਦਮੀ ਦੇ ਨਾਂਅ ਦੀ ਬੜੀ ਅਹਿਮੀਅਤ ਹੁੰਦੀ ਸੀ। ‘‘ਅਲਕਾਨਾਹ’’ ਦਾ ਮੂਲ ਅਰਥ ਹੈ ‘‘ਕੰਟਰੋਲ ਖ਼ੁਦਾ ਦੇ ਹੱਥ ਵਿਚ ਹੈ।’’ ਇਹ ਨਾਂਅ ਉਸ ਆਦਮੀ ਲਈ ਢੁਕਵਾਂ ਹੈ।

1. ਖ਼ੁਦਾ ਦਾ *ਉਸਦੀ* ਸ਼ਖ਼ਸੀਅਤ ਉੱਤੇ ਕੰਟਰੋਲ ਸੀ। ਉਸਦੇ ਹਰ ਕੰਮ ਤੋਂ ਸੰਕੇਤ ਮਿਲਦਾ ਸੀ ਕਿ ਉਹ ਖ਼ੁਦਾ ਨੂੰ ਅੱਗੇ ਰਖਦਾ ਹੈ। ਉਸ ਨੂੰ ਵੇਖਦੇ ਹੀ ਇਹ ਸਭ ਸਾਫ਼ ਸਮਝ ਆ ਜਾਂਦਾ ਹੈ।
2. ਖ਼ੁਦਾ ਦਾ *ਉਸਦੇ ਪਿਤਾ ਹੋਣ* ਉੱਤੇ ਵੀ ਕੰਟਰੋਲ ਸੀ। ਉਹ ਆਪਣੇ ਬੱਚਿਆਂ ਨੂੰ ਸਿਖਾਉਣ ਅਤੇ ਉਨ੍ਹਾਂ ਵਿਚ ਵਿਸ਼ਵਾਸ ਅਤੇ ਫ਼ਰਜ਼ ਦੀ ਭਾਵਨਾ ਭਰਨ ਲਈ ਸਚੇਤ ਸੀ।
3. ਖ਼ੁਦਾ ਦਾ *ਉਸਦੇ ਵਿਆਹ* ਉੱਤੇ ਕੰਟਰੋਲ ਸੀ। ਹੰਨਾ ਨਾਲ ਉਸਦਾ ਰਿਸ਼ਤਾ ਦਿਆਲੂ, ਹਲੀਮ, ਇਕ ਦੂਜੇ ਨੂੰ ਸਮਝਣ ਵਾਲਾ, ਦੇਖਭਾਲ ਕਰਨ ਵਾਲਾ ਅਤੇ ਪਿਆਰ ਭਰਿਆ ਸੀ।

**ਬੰਦਗੀ ਨਜ਼ਰ ਆਈ**

**(1 ਸਮੂਏਲ 1:3)**

ਖ਼ੁਦਾ ਲਈ ਅਲਕਾਨਾਹ ਦੇ ਸਮਰਪਣ ਦਾ ਪਤਾ ਨਾ ਸਿਰਫ਼ ਉਸ ਦੇ ਧਾਰਮਿਕ ਵਿਹਾਰ ਤੋਂ ਬਲਕਿ ਉਸ ਦੀ ਰੋਜ਼ ਮੱਰਾ ਦੀ ਜ਼ਿੰਦਗੀ ਤੋਂ ਵੀ ਲਗ ਜਾਂਦਾ ਹੈ। ਇਸ ਆਦਮੀ ਦੇ ਸਮਰਪਣ ਦਾ ਪਤਾ ...

1. ਉਸ ਦੇ ਇਕਸੁਰ, ਵਿਵੇਕ ਭਰੇ ਅਤੇ ਸਮਝਦਾਰੀ ਭਰੇ ਧਾਰਮਿਕ ਵਿਹਾਰਾਂ ਤੋਂ ਲਗਦਾ ਸੀ (1:3, 4, 21)।
2. ਆਪਣੇ ਬੱਚਿਆਂ ਨੂੰ ਖ਼ੁਦਾ ਦੇ ਰਾਹ ਦੀ ਸਿੱਖਿਆ ਅਤੇ ਸਿਖਲਾਈ ਦੇਣ ਵਿਚ ਉਸ ਦੀ ਬੇਹੱਦ ਚੌਕਸੀ ਤੋਂ ਲਗਦਾ ਸੀ (1:4, 21)।
3. ਹੰਨਾ ਨਾਲ ਉਸ ਦੇ ਡੂੰਘੇ ਪਿਆਰ ਅਤੇ ਲਗਾਅ ਤੋਂ ਲਗਦਾ ਸੀ (1:8)।
4. ਦੁਖੀ ਹੋਣ ਵਾਲਿਆਂ ਨਾਲ ਉਸਦੀ ਸੰਵੇਦਨਸ਼ੀਲਤਾ ਤੋਂ ਲਗਦਾ ਸੀ (1:8)।

ਇਨ੍ਹਾਂ ਸਭ ਵਿਹਾਰਾਂ ਤੋਂ ਉਸ ਆਦਮੀ ਦੇ ਸੁਭਾਅ ਦਾ ਪਤਾ ਲਗਦਾ ਹੈ ਜਿਹੜਾ ਸੱਤੇ ਦਿਨ ਖ਼ੁਦਾ ਨੂੰ ਸਚਮੁਚ ਸਮਰਪਤ ਹੈ। ਇਸੇ ਤਰ੍ਹਾਂ ਸਭ ਸੰਤਾਂ ਨੂੰ ‘‘ਮਸੀਹ ਨੂੰ ਪ੍ਰਭੂ ਕਰਕੇ ਆਪਣੇ ਹਿਰਦੇ ਵਿਚ ਪਵਿੱਤਰ’’ ਮੰਨਣ ਦੀ ਬੇਨਤੀ ਕਰਨ ਦੀ ਲੋੜ ਹੈ (1 ਪਤਰਸ 3:15)।

**ਪਰਿਵਾਰਕ ਬੰਦਗੀ**

**(1 ਸਮੂਏਲ 1:4)**

ਪੁਰਾਤਨ ਕਾਲ ਦੇ ਇਸ ਪਰਿਵਾਰ ਤੋਂ, ਬੰਦਗੀ ਲਈ ਪਰਿਵਾਰਾਂ ਦੇ ਇਕੱਠੇ ਹੋਣ ਦੀ ਅਹਿਮੀਅਤ ਨੂੰ ਵੇਖਿਆ ਜਾ ਸਕਦਾ ਹੈ।

1. ਪਰਿਵਾਰਿਕ ਬੰਦਗੀ ਦੀ *ਸ਼ੁਰੂਆਤ* ਦੀ ਗੱਲ ਤੇ ਧਿਆਨ ਦਿਓ–‘‘ਅਲਕਾਨਾਹ

ਬਲੀ ਚੜ੍ਹਾਉਂਦਾ ਸੀ।'' ਮਾਂ ਪਿਓ ਵਿਚ ਦੁਨਿਆਵੀ ਮਕਸਦਾਂ ਵਿੱਚੋਂ ਪਿੱਛੇ ਹਟ ਕੇ ਖ਼ੁਦਾਈ ਮਕਸਦ ਦਾ ਪਿੱਛਾ ਕਰਨ ਦੀ ਇੱਛਾ ਹੋਣੀ ਜ਼ਰੂਰੀ ਹੈ।

2. ਲੋੜੀਂਦੀ *ਸਿਖਲਾਈ* ਉੱਤੇ ਧਿਆਨ ਦਿਓ–''ਦਾਨ ਦਿੰਦਾ ਸੀ।'' ਬੱਚਿਆਂ ਨੂੰ ਹਦਾਇਤ ਦੀ ਲੋੜ ਹੁੰਦੀ ਹੈ ਅਤੇ ਇਹ ਹਦਾਇਤ ਦੇਣਾ ਮਾਂਪਿਓ ਦਾ ਫ਼ਰਜ਼ ਹੈ।
3. *ਦਾਇਰੇ* ਉੱਤੇ ਧਿਆਨ ਦਿਓ–''ਸਭ ਨੂੰ'' ਇਸ ਸਿਖਲਾਈ ਵਿਚ ਛੋਟੇ ਤੋਂ ਲੈ ਕੇ ਵੱਡੇ ਤਕ ਸਭ ਬੱਚੇ ਸ਼ਾਮਿਲ ਹੋਣੇ ਚਾਹੀਦੇ ਹਨ। ਕਿਸੇ ਨੂੰ ਵੀ ਛੱਡਿਆ ਨਹੀਂ ਜਾਣਾ ਚਾਹੀਦਾ ਕਿਉਂਕਿ ''ਸਭ'' ਭਾਗ ਲੈ ਸਕਦੇ ਹਨ।

### ''ਹੇ ਪਤੀਓ ਆਪਣੀਆਂ ਪਤਨੀਆਂ ਨਾਲ ਪਿਆਰ ਕਰੋ''
### (1 ਸਮੂਏਲ 1:5)

ਬਾਈਬਲ ਕਿਤੇ ਵੀ ਪਤਨੀਆਂ ਨੂੰ ਆਪਣੇ ਪਤੀਆਂ ਨਾਲ ਪਿਆਰ ਕਰਨ ਦਾ ਹੁਕਮ ਨਹੀਂ ਦਿੰਦੀ, ਬਲਕਿ ਇਹ ਪਤੀਆਂ ਨੂੰ ਹੀ ਪਤਨੀਆਂ ਨਾਲ ਪਿਆਰ ਕਰਨ ਦਾ ਹੁਕਮ ਦਿੰਦੀ ਹੈ (ਅਫ਼ਸੀਆਂ 5:25, 28)। ਪਰ ਕਿਉਂ? ਕਿਉਂਕਿ ਪਤਨੀ ਦਾ ਪਿਆਰ ਪਰਤਵਾਂ ਹੁੰਦਾ ਹੈ। ਉਹ ਆਪਣੇ ਪਤੀ ਨਾਲ ਉਵੇਂ ਹੀ ਪਿਆਰ ਕਰਦੀ ਹੈ ਜਿਵੇਂ ਉਹ ਕਰਦਾ ਹੈ। ਅਲਕਾਨਾਹ ਤੋਂ ਸਾਨੂੰ ਇਹ ਸਬਕ ਮਿਲਦਾ ਹੈ ਕਿ ਪਤੀ ਨੂੰ ਆਪਣੀ ਪਤਨੀ ਨਾਲ ਕਿਵੇਂ ਮੁਹੱਬਤ ਰੱਖਣੀ ਚਾਹੀਦਾ ਹੈ।

1. ਉਸ ਨੂੰ ਖੁੱਲ੍ਹਦਿਲੀ ਨਾਲ ਮੁਹੱਬਤ ਰੱਖੋ (1:5)।
2. ਉਸ ਨੂੰ ਜ਼ਾਹਿਰਾ ਮੋਹ ਮੁਹੱਬਤ ਰੱਖੋ (1:5)।
3. ਉਸ ਦੇ ਚਿੜਨ ਤੇ ਉਸ ਨਾਲ ਮੁਹੱਬਤ ਰੱਖੋ (1:6)।
4. ਉਸ ਦੇ ਨਿਰਾਸ਼ ਜਾਂ ਜਜ਼ਬਾਤੀ ਹੋਣ ਤੇ ਉਸ ਨਾਲ ਮੁਹੱਬਤ ਰੱਖੋ (1:7, 8)।
5. ਉਸ ਵੱਲੋਂ ਕੋਈ ਅਜਿਹਾ ਕੰਮ ਕਰਨ ਤੇ ਜਿਹੜਾ ਬੇਮੇਲ ਲਗਦਾ ਹੋਵੇ, ਉਸ ਨਾਲ ਮੁਹੱਬਤ ਰੱਖੋ (1:8)।

### ਅਲਕਾਨਾਹ ਹੰਨਾ ਨਾਲ ਪਿਆਰ ਕਰਦਾ ਸੀ
### (1 ਸਮੂਏਲ 1:5)

1. ਉਸਦਾ ਪਿਆਰ ਜ਼ਾਹਿਰ ਕੀਤਾ ਗਿਆ ਸੀ (1:5)।
2. ਅਜ਼ਮਾਇਸ਼ ਵੇਲੇ ਅਲਕਾਨਾਹ ਦਾ ਪਿਆਰ ਹੰਨਾ ਦੀ ਤਾਕਤ ਸੀ (1:5, 6)।
3. ਉਹਦਾ ਪਿਆਰ ਲਫ਼ਜ਼ਾਂ ਵਿਚ ਬਿਆਨ ਕੀਤਾ ਗਿਆ (1:8)।
4. ਆਪਣੇ ਪਿਆਰ ਕਾਰਣ ਉਹ ਉਦੋਂ ਵੀ ਆਪਣੀ ਪਤਨੀ ਦੀ ਗੱਲ ''ਸੁਣ'' ਸਕਿਆ ਜਦ ਪਤਨੀ ਦੀਆਂ ਯੋਜਨਾਵਾਂ ਉਸ ਦੀਆਂ ਯੌਜਨਾਵਾਂ ਨਾਲ ਮੇਲ ਨਹੀਂ ਖਾਂਦੀਆਂ ਸਨ (1:22)।
5. ਆਪਣੇ ਪਿਆਰ ਕਰਕੇ ਉਹ ਆਪਣੀ ਪਤਨੀ ਨਾਲ ਸਹਿਯੋਗ ਕਰਣ ਲਈ ਪ੍ਰੇਰਿਤ ਹੋਇਆ (1:23)।

### ਗ਼ਲਤ ਸਮਝਿਆ ਗਿਆ ਖ਼ੁਦਾ

(1 ਸਮੂਏਲ 1:5, 6)

ਹੰਨਾ ਦੇ ਬਾਂਝਪੁਣੇ ਦੇ ਸਾਲਾਂ ਨੂੰ ਗ਼ਲਤ ਸਮਝਿਆ ਗਿਆ ਸੀ। ਉਨ੍ਹਾਂ ਸਾਲਾਂ ਦਾ ਖ਼ੁਦਾ ਦਾ ਕੋਈ ਮਕਸਦ ਸੀ, ਪਰ ਉਸ ਮਕਸਦ ਨੂੰ ਕਿਸੇ ਨੇ ਸਮਝਿਆ ਨਹੀਂ। ਖ਼ੁਦਾ ਨੂੰ ਗਲਤ ਸਮਝਿਆ ਗਿਆ ਸੀ। ਇਸ ਵਿਚ ਨਿਯਮ ਇਹ ਹੈ ਕਿ ਖ਼ੁਦਾ ਦੇ ਢੰਗ ਸਾਡੇ ਢੰਗਾਂ ਵਰਗੇ ਨਹੀਂ ਹਨ ਅਤੇ ਅਕਸਰ ਅਸੀਂ ਉਨ੍ਹਾਂ ਨੂੰ ਸਮਝ ਨਹੀਂ ਪਾਉਂਦੇ (ਯਸਾਯਾਹ 55:9)।

1. ਕਈ ਵਾਰ ਗ਼ਲਤ ਸਮਝ ਲਿਆ ਜਾਂਦਾ ਹੈ ਕਿ ਖ਼ੁਦਾ ਸਜ਼ਾ ਦੇਣ ਵਾਲਾ ਖ਼ੁਦਾ ਹੈ ਜਦ ਕਿ ਅਜਿਹਾ ਨਹੀਂ ਹੈ।
2. ਕਈ ਵਾਰ ਇਹ ਗਲਤ ਸਮਝ ਲਿਆ ਜਾਂਦਾ ਹੈ ਕਿ ਉਹ ਪੱਖਪਾਤ ਕਰਨ ਵਾਲਾ ਖ਼ੁਦਾ ਹੈ ਜਦ ਕਿ ਉਹ ਹੈ ਨਹੀਂ।
3. ਕਈ ਵਾਰ ਗਲਤ ਮੰਨ ਲਿਆ ਜਾਂਦਾ ਹੈ ਕਿ ਖ਼ੁਦਾ ਇੱਥੇ ਨਹੀਂ ਹੈ, ਜਦਕਿ ਇਹ ਗਲਤ ਹੈ (1:11)।
4. ਕਈ ਵਾਰ ਲੋਕ ਪਾਪ ਭਰੇ ਢੰਗਾਂ ਨੂੰ ਅਣਗੌਲਿਆਂ ਕਰਕੇ ਖ਼ੁਦਾ ਬਾਰੇ ਆਪਣੀ ਗਲਤਫ਼ਹਿਮੀ ਦੀ ਵਰਤੋਂ ਕਰਕੇ ਆਖਦੇ ਹਨ, ''ਮੇਰੇ ਲਈ ਖ਼ੁਦਾ ਮੈਥੋਂ ਇਹੀ ਕਰਵਾਉਣਾ ਚਾਹੁੰਦਾ *ਹੋਵੇਗਾ*!''

ਸੰਖੇਪ ਵਿਚ, ਕਈ ਵਾਰ ਖ਼ੁਦਾ ਉੱਤੇ ਇਲਜ਼ਾਮ ਲਾਇਆ ਜਾਂਦਾ ਹੈ, ਜਦ ਕਿ ਉਸ ਨੂੰ ਗਲਤ ਸਮਝ ਲਿਆ ਗਿਆ ਹੁੰਦਾ ਹੈ। ਇਕ ਵਾਰ ਗਲਤ ਸਮਝਣ ਵਿਚ ਸੁਧਾਰ ਹੋ ਜਾਵੇ ਤਾਂ ਸਭ ਗੱਲਾਂ ਪੂਰੀ ਤਰ੍ਹਾਂ ਨਾਲ ਬਿਲਕੁਲ ਸਾਫ਼ ਹੋ ਜਾਣਗੀਆਂ। ਜਿਸ ਬੇਟੇ ਦੀ ਹੰਨਾ ਨੂੰ ਤੜਪ ਸੀ ਉਹ ਉਦੋਂ ਤਕ ਨਹੀਂ ਦਿੱਤਾ ਗਿਆ ਜਦ ਤਕ ਹੰਨਾ ਖ਼ੁਦਾ ਅੱਗੇ ਸਮਰਪਣ ਕਰਨ ਨੂੰ ਤਿਆਰ ਨਾ ਹੋਈ। ਸਾਨੂੰ ਖ਼ਬਰਦਾਰ ਰਹਿਣ ਦੀ ਲੋੜ ਹੈ ਕਿਉਂਕਿ ਖ਼ੁਦਾ ਬਾਰੇ ਗਲਤਫ਼ਹਿਮੀ ਤਕਲੀਫ਼, ਕਲੇਸ਼, ਵਿਸ਼ਵਾਸ ਦੀ ਕਮੀ ਦਾ ਕਾਰਣ ਬਣ ਸਕਦੀ ਹੈ। ਜਦ ਵੀ ਕੋਈ ਅਜ਼ਮਾਇਸ਼ ਜਾਂ ਪਰੇਸ਼ਾਨੀ ਆਵੇ, ਤਾਂ ਖ਼ੁਦਾ ਨੂੰ ਗਲਤ ਨਾ ਸਮਝੋ! (ਅੱਯੂਬ 9:1–12; 5:8; 13:15)।

## ਉਦਾਸੀ ਦੇ ਆਮ ਕਾਰਣ

(1 ਸਮੂਏਲ 1:7)

ਹੰਨਾ ਨਿਰਾਸ਼ਾ ਵਿਚ ਡੁੱਬ ਚੁੱਕੀ ਸੀ ਭਾਵ ਉਹ ਦਿਲ ਢਾਹ ਚੁੱਕੀ ਸੀ (1:8, 10, 15)। ਉਸ ਦੀ ਜ਼ਿੰਦਗੀ ਵਿਚ ਆਈ ਉਦਾਸੀ ਦਾ ਕੀ ਕਾਰਣ ਸੀ?

1. ਖਿਝਾਉ, ਸ਼ਖ਼ਸ, ਪਨਿੰਨਾਹ (1:7)।
2. ਇਹ ਭਾਵਨਾ ਕਿ ਉਹ ਔਲਾਦ ਪੈਦਾ ਕਰਨ ਵਿਚ ਬਿਲਕੁਲ ਨਾਕਾਮ ਰਹੀ (1:2, 5, 6; ਤੁਲਨਾ 1:16)।
3. ਖ਼ੁਦਾ ਦੀ ਮਰਜ਼ੀ ਦੀ ਸਮਝ ਘੱਟ ਹੋਣਾ (1:5, 6, 11)।
4. ਉਸਦੇ ਖਾਣਾ ਖਾਣ ਤੋਂ ਇਨਕਾਰ ਕਰ ਦੇਣ ਤੇ ਜਿਸਮਾਨੀ ਦੇਖਭਾਲ ਵਿਚ ਕਮੀ (1:7)।

ਪਰ ਇਕ ਪ੍ਰੇਮੀ ਪਤੀ ਜਿਹੜਾ ਸਚਮੁਚ ਉਸ ਦੀ ਦੇਖਭਾਲ ਕਰਦਾ ਸੀ, ਦੀਆਂ ਗੱਲਾਂ ਸੁਣ ਕੇ ਨਿਰਾਸ਼ਾ ਤੋਂ ਬਾਹਰ ਨਿਕਲ ਆਇ (1:8)। ''ਉੱਠ ਕੇ'' ਉਹ ਕੰਮ ਕਾਰ ਵਿਚ ਰੁੱਝ ਗਈ ਅਤੇ ਉਸ ਨੇ ਖਾਧਾ ਅਤੇ ਆਪਣੇ ਆਪ ਨੂੰ ਤਕੜਿਆਂ ਕੀਤਾ (1:9)। ਉਸਨੇ ਰੋ–ਰੋ ਕੇ ਖ਼ੁਦਾ

ਅੱਗੇ ਦੁਆ ਕੀਤੀ (1:10)। ਉਸ ਨੇ ਆਪਣੀ ਪਰੇਸ਼ਾਨੀ ਖ਼ੁਦਾ ਨੂੰ ਦੱਸ ਦਿੱਤੀ। ਇਹ ਪਰੇਸ਼ਾਨੀ ਉਹਦੇ ਲਈ ਐਨੀ ਵੱਡੀ ਸੀ ਕਿ ਉਸ ਨੇ ਇਸ ਨੂੰ ਆਪਣੇ ਆਪ ਸੁਲਝਾਉਣ ਦੀ ਕੋਸ਼ਿਸ਼ ਵੀ ਛੱਡ ਦਿੱਤੀ ਸੀ। ਕਿਉਂਕਿ ਖ਼ੁਦਾ ਵਿਚ ਭਰੋਸਾ ਰੱਖਣ ਵਾਲੇ ਲੋਕ ਉਦਾਸੀ ਉੱਤੇ ਜਿੱਤ ਪਾਉਣ ਵਾਲੇ ਰੋਜ਼–ਮੱਰਾ ਦੀ ਜ਼ਿੰਦਗੀ ਵਿਚ ਜਲਾਲੀ ਅੰਤ ਦੀ ਉਡੀਕ ਕਰਦੇ ਹਨ (2:20, 21)।

## ਸ਼ਾਂਤੀ ਦਾ ਨਕਸ਼ਾ
## (1 ਸਮੂਏਲ 1:9-18)

ਹੰਨਾ ਨੂੰ ਗਲਤ ਦੱਸਿਆ ਗਿਆ ਸੀ। ਉਸਦਾ ਮਨ ਦੁਖੀ ਸੀ (1:8); ਉਹ ਬੜੀ ਨਿਰਾਸ਼ ਸੀ (1:10); ਉਹ ਬੜੀ ਲਾਚਾਰ ਸੀ (1:15)। ਉਹ ਸੰਘਰਸ਼ ਕਰ ਰਹੀ ਸੀ। ਪਰ ਜ਼ਿੰਦਾ ਸੀ! ਉਹ ਹਨੇਰੇ ਵਿੱਚੋਂ ਦਿਨ ਦੇ ਉਜਿਆਲੇ ਵਿਚ ਆਈ ਸੀ। ਇਹ ਕਿਵੇਂ ਹੋ ਗਿਆ?

1. ਉਹ ਬੰਦਗੀ ਲਈ ਗਈ (1:9)।
2. ਉਸਨੇ ਖ਼ੁਦਾ ਅੱਗੇ ਰੋ–ਰੋ ਕੇ ਦੁਆ ਕੀਤੀ (1:10, 15)।
3. ਉਸਨੇ ''ਆਪਣੀਆਂ ਚਿੰਤਾਵਾਂ ਓਸੇ ਉੱਤੇ ਉਟਦਿਆਂ'' ਖ਼ੁਦਾ ਦੀਆਂ ਬਰਕਤਾਂ ਪਾਉਣੀਆਂ ਚਾਹੀਆਂ (1:11)।
4. ਉਸ ਨੇ ਕੁਝ ਕਰਨ ਲਈ ਨਿੱਜੀ ਜ਼ਿੰਮੇਵਾਰੀ ਕਬੂਲੀ (1:11)।
5. ਉਹ ਆਪਣੀ ਨਿਰਾਸ਼ਾ ਅਤੇ ਲੋੜ ਬਾਰੇ ਦੂਜਿਆਂ ਨਾਲ ਖੁੱਲ੍ਹ ਕੇ ਗੱਲ ਕਰ ਸਕਦੀ ਸੀ (1:14–16)।
6. ਉਸ ਦੇ ਬੋਝ ਹਲਕੇ ਕਰ ਦਿੱਤੇ ਗਏ, ਅਤੇ ਉਸ ਦਾ ਚਿਹਰਾ ''ਉਦਾਸ ਨਾ ਰਿਹਾ'' (1:18; ਤੁਲਨਾ ਯਿਰਮਿਯਾਹ 31:13)।

## ਚਿਤਾਵਨੀ ਵਾਲਾ ਕੰਮ
## (1 ਸਮੂਏਲ 1:12-18)

ਹੈਕਲ ਦੇ ਸ਼ਾਂਤ ਮਾਹੌਲ ਵਿਚ, ਪਰੇਸ਼ਾਨ ਹੰਨਾ ਨੇ ਖ਼ੁਦਾ ਅੱਗੇ ਆਪਣਾ ਦਿਲ ਖੋਲ੍ਹ ਦਿੱਤਾ ਸੀ। ਏਲੀ ਨੇ ਉਸਦਾ ਬਾਹਰੀ ਰਵੱਈਆ ਵੇਖਿਆ ਸੀ ਅਤੇ ਗਲਤ ਢੰਗ ਨਾਲ ਉਸਦਾ ਫੈਸਲਾ ਕੀਤਾ। ਉਸਦੀ ਗਲਤੀ ਅੱਜ ਵੀ ਬਹੁਤ ਸਾਰੇ ਲੋਕ ਦੁਹਰਾਉਂਦੇ ਹਨ। ਇਹ ਇਕ ਆਦਮੀ ਵੱਲੋਂ ਸਭ ਤੱਥਾਂ ਨੂੰ ਜਾਣਨ ਤੋਂ ਪਹਿਲਾਂ ਦੂਜੇ ਦਾ ਨਿਆਂ ਕਰਨ ਵਾਲੀ ਖ਼ਤਰਨਾਕ ਗੱਲ ਹੈ।

1. ਕੋਈ ਇਕਦਮ ਇਹ ਨਿਚੋੜ ਨਹੀਂ ਕੱਢ ਸਕਦਾ ਕਿ ਸਭ ਗਲਤ ਹਨ (1:14)।
2. ਦੁਖੀ ਮਨ ਨੂੰ ਕੋਈ ਹੋਰ ਦੁਖੀ ਕਰ ਸਕਦਾ ਹੈ (1:16)। ਹੰਨਾ ਪਹਿਲਾਂ ਹੀ ਦੁਖੀ ਸੀ ਕਿ ਉਹ ਮਾਂ ਨਹੀਂ ਬਣ ਸਕੀ। ਹੁਣ ਉਹ ਆਪਣੇ ਆਪ ਨੂੰ ''ਸ਼ਤਾਨ ਦੀ ਧੀ'' ਸਮਝਣ ਲੱਗੀ ਸੀ।
3. ਕੋਈ ਬਦਨਾਮੀ ਕਰ ਸਕਦਾ ਹੈ ਕਿ ਇਸ ਨਾਲ ਹੰਨਾ ਦੇ ਚਰਿੱਤਰ ਬਾਰੇ ਬੇਲੋੜੇ ਸਵਾਲ ਉੱਠਦੇ ਹਨ (1:16)।
4. ਹੋ ਸਕਦਾ ਹੈ ਕਿ ਕੋਈ ਅੰਦਰ ਵੇਖਣ ਦੀ ਕੋਸ਼ਿਸ਼ ਕਰਨ ਵਿਚ ਨਾਕਾਮ ਰਿਹਾ ਹੋਵੇ (1:15)।
5. ਕੋਈ ਸਖ਼ਤ, ਕਠੋਰ, ਜਲਦਬਾਜ਼ੀ ਨਾਲ ਅਤੇ ਬੇਦਰਦ ਫੈਸਲਾ ਲੈ ਸਕਦਾ ਹੈ।

ਭਾਵੇਂ ਏਲੀ ਗਲਤ ਸੀ, ਪਰ ਆਪਣੀ ਗਲਤੀ ਨੂੰ ਸਮਝ ਕੇ ਉਹ ਬਦਲ ਗਿਆ ਸੀ। ਹੰਨਾ ਦੀ ਮਦਦ ਲਈ ਆ ਕੇ ਉਸਨੇ ਉਸ ਨੂੰ ਦਲੇਰ ਕੀਤਾ (1:17, 18)। ਉਸ ਨੂੰ ਇਕ ਅਹਿਮ ਸਬਕ ਮਿਲ ਗਿਆ ਸੀ!

### ''ਯਹੋਵਾਹ ਨੇ ਚੇਤੇ ਕੀਤਾ''
### (1 ਸਮੂਏਲ 1:19)

ਹੰਨਾ ਦੀ ਤਿੱਖੀ ਚੀਖ਼ (1:11) ਦਾ ਜਵਾਬ ਇਕ ਛੋਟੇ ਜਿਹੇ ਵਾਕ ਵਿਚ ਦਿੱਤਾ ਗਿਆ ਸੀ। ਖ਼ੁਦਾ ਨੇ ਉਸ ਨੂੰ ਚੇਤੇ ਕਿਉਂ ਕੀਤਾ? ਉਸ ਦੇ ਵਿਸ਼ਵਾਸ, ਦੁਆ, ਨਿਰਾਸ਼ਾ ਅਤੇ ਪਰੇਸ਼ਾਨੀਆਂ ਕਰਕੇ। ਉਸ ਨੂੰ ਕੀ ਤਸੱਲੀ ਦਿੱਤੀ ਗਈ ਸੀ?

1. ਸੰਘਰਸ਼ਾਂ ਦੇ ਬਾਵਜੂਦ ਖ਼ੁਦਾ ਸਾਨੂੰ ਚੇਤੇ ਕਰੇਗਾ ਅਤੇ ਸਾਡੀਆਂ ਲੋੜਾਂ ਪੂਰੀਆਂ ਕਰੇਗਾ (ਰੋਮੀਆਂ 8:28; 1 ਕੁਰਿੰਥੀਆਂ 10:13; ਜ਼ਬੂਰ 34:15–20)।
2. ਜਦ ਲਗਦਾ ਹੈ ਕਿ ਅਸੀਂ ਬੜੀ ਮੁਸ਼ਕਿਲ ਵਿਚ ਹਾਂ, ਤਾਂ ਖ਼ੁਦਾ ਸਾਨੂੰ ਛੁਡਾ ਲਵੇਗਾ (ਕਹਾਉਤਾਂ 11:8)।
3. ਮਨੁੱਖ ਤਾਂ ਭੁੱਲ ਸਕਦਾ ਹੈ ਅਤੇ ਭੁੱਲ ਜਾਂਦਾ ਵੀ ਹੈ, ਪਰ ਖ਼ੁਦਾ ਨਹੀਂ (ਜ਼ਬੂਰ 37:28)।

ਵਿਵਸਥਾਸਾਰ 4:31; ਉਤਪਤ 19:29; ਜ਼ਬੂਰ 50:15 ਪੜ੍ਹੋ। ਜਿੰਨੀ ਵੱਧ ਖ਼ੁਦਾ ਦੀ ਯਾਦਦਾਸ਼ਤ ਹੈ ਓਨਾ ਹੀ ਵੱਧ ''ਯਾਦ ਨਾ ਰੱਖਣ'' ਦੀ ਵੀ ਉਸ ਵਿਚ ਕਾਬਲੀਅਤ ਹੈ (ਯਿਰਮਿਯਾਹ 31:34; ਇਬਰਾਨੀਆਂ 8:12; 10:17)।

### ''ਯਹੋਵਾਹ ਨੇ ਦਿੱਤਾ ਹੈ!''
### (1 ਸਮੂਏਲ 1:27)

ਰੂਹਾਨੀਅਤ ਦੀ ਕਿੰਨੀ ਡੂੰਘਿਆਈ ਹੈ ਇਸ ਵਾਕ ਅੰਸ਼ ਵਿਚ! ਇਹ ਹੰਨਾ ਦੇ ਦਿਲ ਦਾ ਵੱਡਾ ਪਰਗਟਾਵਾ ਹੈ।

1. ਇਹ ਸਾਡੇ ਜ਼ਿੰਦਾ ਰਹਿਣ ਲਈ ਖ਼ੁਦਾ ਉੱਤੇ ਭਰੋਸਾ ਅਤੇ ਨਿਰਭਰਤਾ ਨੂੰ ਵਿਖਾਉਂਦਾ ਹੈ। ਖ਼ੁਦਾ ਉਪਾਅ ਕਰੇਗਾ।
2. ਇਹ ਅਜਿਹੇ ਮਨ ਨੂੰ ਵਿਖਾਉਂਦਾ ਹੈ ਜਿਸਨੇ ਆਪਣੀਆਂ ਲੋੜਾ ਅਤੇ ਇੱਛਾਵਾਂ ਨੂੰ ਪਰਗਟ ਕੀਤਾ ਹੈ। ਖ਼ੁਦਾ ਸੁਣੇਗਾ ਅਤੇ ਜਵਾਬ ਦੇਵੇਗਾ।
3. ਮਨੁੱਖ ਦੀ ਯੋਗਤਾ ਉੱਤੇ ਭਰੋਸਾ ਕਰਨ ਦੀ ਕਮੀ ਨੂੰ ਵਿਖਾਉਂਦਾ ਹੈ। ਖ਼ੁਦਾ ਕਰ ਸਕਦਾ ਹੈ ਪਰ ਇਨਸਾਨ ਨਹੀਂ।
4. ਇਹ ਉਸ ਸ਼ਖ਼ਸ ਨੂੰ ਵਿਖਾਉਂਦਾ ਹੈ ਜਿਹੜਾ ਮਹਾਨ ਦਾਨੀ ਖ਼ੁਦਾ ਨੂੰ ਸਮਝਦਾ ਹੈ। ਖ਼ੁਦਾ ਦੇਣਾ ਚਾਹੁੰਦਾ ਹੈ!

## ਦੁਆ ਵਿਚ ਪੱਕਾ ਯਕੀਨ
## (1 ਸਮੂਏਲ 1:27)

ਖ਼ੁਦਾ ਤੋਂ ਦੁਆ ਕਰਕੇ ਅਸੀਂ ਬੇਫ਼ਿਕਰ ਹੋ ਸਕਦੇ ਹਾਂ! ਖ਼ੁਦਾ ਸਾਡੀਆਂ ਦੁਆਵਾਂ ਨੂੰ ਸੁਣਦਾ ਹੈ ਅਤੇ ਉਨ੍ਹਾਂ ਦਾ ਜਵਾਬ ਦੇਵੇਗਾ (ਅਫ਼ਸੀਆਂ 3:20; ਇਬਰਾਨੀਆਂ 4:16)। ਹੰਨਾ ਨੂੰ ਆਪਣੀਆਂ ਦੁਆਵਾਂ ਉੱਤੇ ਐਨਾ ਯਕੀਨ ਕਿਉਂ ਸੀ?

1. ਉਹਨੂੰ ਪਤਾ ਸੀ ਕਿ ਖ਼ੁਦਾ ਉਸ ਦੀ ਨਿਰਾਸ਼ਾ ਨੂੰ ਜਾਣਦਾ ਹੈ (1:10)।
2. ਉਹਨੂੰ ਪਤਾ ਸੀ ਕਿ ਖ਼ੁਦਾ ਅੱਗੇ ਉਹਦਾ ਮਨ ਸਾਫ਼, ਇਮਾਨਦਾਰ ਅਤੇ ਸਿੱਧਾ ਹੈ (1:15)।
3. ਉਹਨੂੰ ਪਤਾ ਸੀ ਕਿ ਨਿਸ਼ਕਪਟ ਦੁਆ ਦਾ ਮਿਲਣ ਵਾਲਾ ਅਨੰਦ ਅਤੇ ਸ਼ਾਂਤੀ ਹੀ ਹੈ (1:18)।
4. ਉਹਨੇ ਖ਼ੁਦਾ ਦੇ ਉਪਾਵਾਂ ਵਿਚ ਕੰਮ ਕਰਨ ਅਤੇ ਭਰੋਸਾ ਕਰਣ ਦਾ ਪੱਕਾ ਇਰਾਦਾ ਕੀਤਾ ਸੀ (1:11,12, 22)।
5. ਖ਼ੁਦਾ ਦੀ ਤਾਕਤ ਵਿਚ ਉਸ ਦਾ ਭਰੋਸਾ, ਵਿਸ਼ਵਾਸ ਅਤੇ ਇਰਾਦਾ ਪੱਕਾ ਸੀ।
6. ਦੁਆ ਵਿਚ ਉਸਦਾ ਯਕੀਨ ਸ਼ੁਕਰਗੁਜਾਰੀ ਦੇ ਰਾਹੀਂ ਹੋਰ ਪੁਖ਼ਤਾ ਹੋਇਆ ਜਦ ਉਸਦੀਆਂ ਦੁਆਵਾਂ ਦਾ ਜਵਾਬ ਦਿੱਤਾ ਗਿਆ। ਖ਼ੁਦਾ ਨੇ ਜਦ ਉਸ ਨੂੰ ਜਵਾਬ ਦਿੱਤਾ ਤਾਂ ਉਹ ਖਾਮੋਸ਼ ਨਹੀਂ ਰਹੀ!

## ਕਾਮਯਾਬ ਮਾਪੇ ਬਣਨਾ
## (1 ਸਮੂਏਲ 1:28)

ਗੁਮਰਾਹ ਬੱਚੇ ਦੇ ਮਾਂ-ਪਿਓ ਦੇ ਦਰਦ ਦਾ ਇਜ਼ਹਾਰ ਸ਼ਬਦਾਂ ਵਿਚ ਨਹੀਂ ਕੀਤਾ ਜਾ ਸਕਦਾ। ਬੇਸ਼ੱਕ ਅਜਿਹਾ ਕੋਈ ਢੰਗ ਨਹੀਂ ਹੈ ਜਿਸ ਵਿਚ ਬੱਚਿਆਂ ਦੇ ਪਾਲਣ ਪੋਸ਼ਣ ਵਿਚ ਮਾਂ ਪਿਓ ਦੇ ਕਾਮਯਾਬ ਹੋਣ ਦੀ ਗਰੰਟੀ ਦਿੱਤੀ ਜਾ ਸਕੇ, ਪਰ ਫਿਰ ਵੀ ਕੁਝ ਨਿਯਮਾਂ ਦਾ ਪਾਲਣ ਕੀਤਾ ਜਾਣਾ ਜ਼ਰੂਰੀ ਹੈ।

1. ਮਾਂ ਪਿਓ ਹੋਣ ਦੇ ਫ਼ਰਜ਼ ਦੀ ਮਹਾਨਤਾ ਨੂੰ ਸਮਝੋ, ਕਿਉਂਕਿ ਹਰ ਬੱਚਾ ਖ਼ੁਦਾ ਵੱਲੋਂ ਮਿਲਿਆ ਵਰਦਾਨ ਹੈ (1:27)।
2. ਬਾਲ ਅਤੇ ਨਾਜ਼ੁਕ ਦਿਲਾਂ ਵਿਚ ਹਰ ਅਹਿਮ ਰੂਹਾਨੀ ਸਿਧਾਂਤ ਨੂੰ ਪਾਉਣ ਦੀ ਲੋੜ ਨੂੰ ਸਮਝੋ (1:24)।
3. ਹਰ ਬੱਚੇ ਨੂੰ ਖ਼ੁਦਾ ਅੱਗੇ ''ਸਮਰਪਤ'' ਕਰਨ ਲਈ ਸਮਾਂ ਅਤੇ ਊਰਜਾ ਦਿਓ (1:28)।
4. ਜਵਾਨਾਂ ਨੂੰ ਦੇਰ ਤਕ ਮਿਹਨਤ ਵਿਚ ਖ਼ੁਦਾ ਦੀ ਸੇਵਾ ਕਰਨ ਦੇ ਫ਼ਰਜ਼ ਲਈ ਪ੍ਰਭਾਵਿਤ ਕਰੋ (1:28)।

ਮਾਂ-ਪਿਓ ਬੱਚਿਆਂ ਨੂੰ ਸਿਰਫ਼ ਉਹੀ ਸਿਖਾ ਸਕਦੇ ਹਨ ਜਿਸ ਦਾ ਉਨ੍ਹਾਂ ਨੂੰ ਆਪ ਪਤਾ ਹੋਵੇ। ਉਹੀ ਵਿਹਾਰ ਸਿਖਾ ਸਕਦੇ ਹਨ ਜਿਹੜਾ ਉਨ੍ਹਾਂ ਵਿਚ ਆਪਣੇ ਅੰਦਰ ਹੋਵੇ ਅਤੇ ਖ਼ੁਦਾ ਲਈ ਉਨ੍ਹਾਂ ਵਿਚ ਓਨਾ ਹੀ ਸਨਮਾਨ ਪਾ ਸਕਦੇ ਹਨ ਜਿੰਨਾ ਉਹ ਆਪ ਕਰਦੇ ਹੋਣ। ਇਸ ਕਰਕੇ ਮਾਪਿਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਵਚਨ ਅਤੇ

ਵਿਹਾਰ ਦੋਹਾਂ ਵਿਚ ਖ਼ੁਦਾ ਦੀ ਨਜ਼ਦੀਕੀ ਵਿਚ ਹੋਵੇ।

### ਯਰੋਹਾਮ ਦਾ ਪੁੱਤਰ ਅਲਕਾਨਾਹ
### (1 ਸਮੂਏਲ 1: 1-28)

1. ਇਕ ਸਮਰਪਤ ਧਾਰਮਿਕ ਪੁਰਖ (1:3–6, 21)।
2. ਆਪਣੇ ਬੱਚਿਆਂ ਦੇ ਧਾਰਮਿਕ ਵਿਕਾਸ ਵਿਚ ਦਿਲਚਸਪੀ ਲੈਣ ਵਾਲਾ ਪਿਤਾ (1:4, 22, 23)।
3. ਇਕ ਪਤੀ ਜਿਸ ਨੇ ਵਿਆਹ ਲਈ ਖ਼ੁਦਾ ਦੇ ਨਿਯਮਾਂ ਨੂੰ ਤੋੜਨ ਕਰਕੇ ਆਪਣੇ ਪਰਿਵਾਰ ਵਿਚਲੀ ਫੁੱਟ ਨੂੰ ਵੇਖਿਆ ਸੀ (1:2, 6)।
4. ਖ਼ੁਦਾ ਨਾਲ ਕੀਤੇ ਵਾਅਦੇ ਨੂੰ ਨਿਭਾਉਣ ਲਈ ਪੱਕੀ ਧਾਰਣ ਵਾਲਾ ਆਦਮੀ (1:21)।
5. ਆਪਣੀ ਪਤਨੀ ਨਾਲ ਪਿਆਰ ਅਤੇ ਸਮਰਪਣ ਨੂੰ ਗੱਲਾਂ ਅਤੇ ਅਮਲ ਦੋਹਾਂ ਨਾਲ ਵਿਖਾਉਣ ਵਾਲਾ (1:8)।

### ਜਿਹੜਾ ਗੱਲ ਪਿਤਾ ਨੂੰ ਆਦਰ ਯੋਗ ਬਣਾਉਂਦੀ ਹੈ
### (1 ਸਮੂਏਲ 1: 1-28)

1. ਖ਼ੁਦਾ ਲਈ ਆਦਰ ਅਤੇ ਭਗਤੀ (1:3)।
2. ਸੁਭਾਵਿਕ ਰੂਹਾਨੀਅਤ (1:3)।
3. ਪਰਿਵਾਰ ਲਈ ਭਗਤੀ ਦਾ ਮੁਜ਼ਾਹਿਰਾ (1:4, 21)।
4. ਆਪਣੀ ਪਤਨੀ ਲਈ ਪਿਆਰ ਦਾ ਪਰਗਟਾਵਾ (1:5, 8)।
5. ਆਪਣੀ ਪਤਨੀ ਨਾਲ ਸਹਿਯੋਗ ਅਤੇ ਗੱਲਬਾਤ (1:23)।
6. ਖ਼ੁਦਾ ਦੇ ਵਚਨ ਵਿਚ ਪੱਕਾ ਭਰੋਸਾ (1:23)।
7. ਖ਼ੁਦਾ ਲਈ ਆਪਣੇ ਬੱਚਿਆਂ ਦੇ ਸਮਰਪਣ ਦੀ ਇੱਛਾ (1:28)।

### ਅੱਜ ਦੇ ਆਦਮੀਆਂ ਲਈ ਤਿੰਨ ਤਰਜੀਹਾਂ
### (1 ਸਮੂਏਲ 1: 1-28)

1. ਅਜਿਹੇ ਆਦਮੀ ਬਣੋ ਜਿਹੜਾ ਖ਼ੁਦਾ ਉੱਤੇ ਭਰੋਸਾ ਰੱਖਦਾ ਹੋਵੇ, ਖ਼ੁਦਾ ਦੀ ਬੰਦਗੀ ਕਰਦਾ ਹੋਵੇ ਅਤੇ ਖ਼ੁਦਾ ਨਾਲ ਆਪਣੇ ਕੌਲ ਨਿਭਾਉਂਦਾ ਹੋਵੇ।
2. ਅਜਿਹੇ ਪਤੀ ਬਣੋ ਜੋ ਆਪਣੀ ਪਤਨੀ ਨੂੰ ਗੱਲਾਂ ਨਾਲ ਅਤੇ ਵਿਹਾਰ ਨਾਲ ਸਮਝਾਉਂਦਾ ਹੋਵੇ (1:5, 8)।
3. ਅਜਿਹੇ ਪਿਤਾ ਬਣੋ ਜਿਸ ਦਾ ਮਕਸਦ ਬੱਚਿਆਂ ਨੂੰ ਧਾਰਮਿਕ ਜੋਸ਼ ਅਤੇ ਖ਼ੁਦਾ ਲਈ ਸਮਰਪਣ ਲਈ ਵਧਾਉਣਾ ਹੋਵੇ (1:4, 21, 28)।

## ਮਾਂ ਦੇ ਕਈ ਰੂਪ
### (1 ਸਮੂਏਲ 1: 1-2: 19)

1. ਖਿਝਾਂ ਅਤੇ ਹੱਦਾਂ ਤੋਂ ਉਦਾਸ ਅਤੇ ਪਰੇਸ਼ਾਨ ਉਸ ਦਾ ਰੂਪ ਜਿਸ ਉੱਤੇ ਉਸਦਾ ਕੋਈ ਵੱਸ ਨਹੀਂ ਹੈ (1:2–7)।
2. ਬੰਦਗੀਆਂ ਵਿਚ ਸਮਰਪਣ ਅਤੇ ਤਾਰੀਫ਼ ਕਰਨ ਵਾਲਾ ਉਸ ਦਾ ਰੂਪ (1:5)।
3. ਮਦਦ ਲਈ ਬੇਨਤੀ ਕਰਦਿਆਂ ਖ਼ੁਦਾ ਅੱਗੇ ਆਪਣਾ ਦਿਲ ਖੋਲ੍ਹ ਕੇ ਮਨੋਂ ਦੁਆ ਕਰਨ ਵਾਲਾ ਉਸ ਦਾ ਰੂਪ (1:9–18)।
4. ਜ਼ਿੰਦਗੀ ਦੇ ਮਕਸਦ ਅਤੇ ਮਤਲਬ ਨੂੰ ਸਮਝ ਆਉਣ ਤੇ ਉਸ ਦਾ ਚਿਹਰਾ ਆਨੰਦ ਨਾਲ ਭਰਿਆ ਅਤੇ ਭਰਪੂਰ ਹੋ ਜਾਂਦਾ ਹੈ (1:20)।
5. ਛੋਟੇ ਬੱਚੇ ਦੀ ਦੇਖਭਾਲ ਕਰਦਿਆਂ ਅਤੇ ਹਰ ਰੋਜ਼ ਉਸਦੀਆਂ ਲੋੜਾਂ ਪੂਰੀਆਂ ਕਰਦਿਆਂ ਉਸ ਦਾ ਰੂਪ ਕੋਮਲ ਪਿਆਰ ਵਾਲਾ ਹੈ (1:22, 23)।
6. ਜ਼ਿੰਦਗੀ ਦੇ ਰਾਹ ਵਿਚ ਚੱਲਦਿਆਂ ਚੁੰਨੀ ਲਾਹ ਦਿੱਤੇ ਜਾਣ ਤੇ ਉਸ ਦੇ ਚਿਹਰੇ ਤੋਂ ਜੁਦਾਈ ਦੇ ਦਰਦ ਦੀ ਝਲਕ ਮਿਲਦੀ ਹੈ (2:11)।
7. ਬੱਚੇ ਦੇ ਵੱਡਾ ਹੋ ਜਾਣ ਤੇ ਸਮਾਜ ਵਿਚ ਰੁਤਬਾ ਪਾਉਣ ਤੇ ਉਸਦਾ ਚਿਹਰਾ ਫ਼ਖ਼ਰ ਨਾਲ ਖਿੜ ਜਾਂਦਾ ਹੈ (2:19)।

ਮਾਂ ਦੇ ਇਨ੍ਹਾਂ ਕਈ ਰੂਪਾਂ ਵਿਚ ਬੜੀ ਖ਼ੂਬਸੂਰਤੀ ਹੈ। ਇਹ ਖ਼ੂਬਸੂਰਤੀ ਵਕਤ ਨਾਲ ਘੱਟ ਨਹੀਂ ਹੁੰਦੀ ਜਾਂ ਝੁਰੜੀਆਂ ਜਾਂ ਬੁਢਾਪੇ ਕਰਕੇ ਖਰਾਬ ਨਹੀਂ ਹੁੰਦੀ। ਇਹ ਦਿਲ ਨੂੰ ਸਕੂਨ ਦੇਣ ਵਾਲੀ ਇਕ ਅਜਿਹੀ ਸ਼ਾਂਤੀ ਹੈ ਜਿਹੜੀ ਬੱਚੇ ਦੇ ਪਰੇਸ਼ਾਨ ਮਨ ਨੂੰ ਤਸੱਲੀ ਦਿੰਦੀ, ਬੱਚੇ ਦੇ ਮਨ ਵਿਚ ਉੱਠੇ ਤੁਫ਼ਾਨਾ ਨੂੰ ਥੰਮਦੀ ਅਤੇ ਸੁਰੱਖਿਆ ਦਾ ਅਹਿਸਾਸ ਕਰਾਉਂਦੀ ਹੈ। ਮਾਂ ਦੇ ਵੱਖੋ–ਵੱਖ ਰੂਪ ਦੇਰ ਤਕ ਯਾਦ ਰੱਖੇ ਜਾਂਦੇ ਹਨ। ਜਦ ਮੌਤ ਵੇਲੇ ਉਸ ਦੀਆਂ ਅੱਖਾਂ ਮਿਟ ਜਾਂਦੀਆਂ ਹਨ, ਤਾਂ ਇਹ ਉਹਦੇ ਬਹੁਤ ਸਾਰੇ ਰੂਪਾਂ ਵਿੱਚੋਂ ਇਕ ਹੋਰ ਰੂਪ ਹੁੰਦਾ ਹੈ ਜਿਹੜਾ ਯਾਦ ਰੱਖਣ ਯੋਗ ਹੈ। ਇਹ ਰੂਪ ਬਿਨਾਂ ਰੋਕ–ਟੋਕ ਅਰਾਮ ਅਤੇ ਦੁਨਿਆਵੀ ਸ਼ਾਂਤੀ ਦਾ ਰੂਪ ਹੈ ਕਿਉਂਕਿ ਉਹ ਪ੍ਰਭੂ ਦੀ ਸੰਭਾਲ ਵਿਚ ਸੌਂ ਰਹੀ ਹੁੰਦੀ ਹੈ। ਉਸਦੇ ਪਰੋਪਕਾਰੀ ਕੰਮ ਉਸ ਨੂੰ ਅਰਾਮ ਦਾ ਬਿਸਤਰਾ ਦਿੰਦੇ ਹਨ! ਮਾਂ ਦੇ ਬਹੁਤ ਸਾਰੇ ਰੂਪਾਂ ਨੂੰ ਯਾਦ ਕਰਨ ਨਾਲੋਂ ਵੱਡੀ ਹੋਰ ਕੋਈ ਬਰਕਤ ਨਹੀਂ ਹੈ।

## ਅਲਕਾਨਾਹ, ਇਕ ਭਗਤ ਪਿਤਾ
### (1 ਸਮੂਏਲ 1: 1-2: 21)

1. ਉਹ ਅਜਿਹਾ ਪਤੀ ਸੀ ਜਿਹੜਾ ਆਪਣੇ ਪਰਿਵਾਰ ਦੇ ਸਾਹਮਣੇ ਧਾਰਮਿਕ ਜ਼ਿੰਦਗੀ ਬਿਤਾਉਂਦਾ ਸੀ (1:3)।
2. ਉਹ ਇਕ ਅਜਿਹਾ ਪਿਤਾ ਸੀ ਜਿਸਨੇ ਆਪਣੇ ਬੱਚਿਆਂ ਨੂੰ ਖ਼ੁਦਾ ਨਾਲ ਕੀਤੇ ਕੌਲ ਨਿਭਾਉਣ ਦੀ ਲੋੜ ਸਿਖਾਈ (1:21)।
3. ਉਹ ਇਕ ਅਜਿਹਾ ਪਿਤਾ ਸੀ ਜਿਸਨੇ ਪਰਿਵਾਰ ਨੂੰ ਧਾਰਮਿਕ ਬਣਨ ਲਈ ਉਤਸ਼ਾਹਿਤ ਕੀਤਾ (1:4, 21)।
4. ਉਹ ਇਕ ਅਜਿਹਾ ਪਿਤਾ ਸੀ ਜਿਸਨੇ ਆਪਣੇ ਬੱਚਿਆਂ ਨੂੰ ਪਤਨੀ ਲਈ ਸੱਚਾ ਪਿਆਰ ਰੱਖਣਾ ਵਿਖਾਇਆ (1:8)।

5. ਉਹ ਇਕ ਅਜਿਹਾ ਪਿਤਾ ਸੀ ਜਿਸਨੇ ਆਪਣੇ ਬੱਚਿਆਂ ਦੀ ਰੂਹਾਨੀ ਸੇਵਾ ਲੋਚ ਕੀਤੀ (1:28)।

**ਹੰਨਾ: ਮਾਂਪੁਣੇ ਦੀ ਇਕ ਯਾਦਗਾਰ**
**(1 ਸਮੂਏਲ 1: 1-2: 21)**

1. ਖ਼ੁਦਾ ਵਿਚ ਵਿਸ਼ਵਾਸ ਦੀ ਇਕ ਯਾਦਗਾਰ। ਸ਼ੱਕ ਅਤੇ ਨਿਰਾਸ਼ਾ ਵੇਲੇ ਉਹ ਖ਼ੁਦਾ ਕੋਲ ਗਈ (1:9–18; 2:1–10)।
2. ਅਜ਼ਮਾਇਸ਼ਾਂ ਵਿਚ ਧੀਰਜ ਦੀ ਇਕ ਯਾਦਗਾਰ (1:7)। ਹੰਨਾ ਬਹੁਤ ਦੇਰ ਤਕ ਬਾਂਝ ਰਹੀ।
3. ਬੱਚਿਆਂ ਪ੍ਰਤੀ ਸਮਰਪਣ ਦੀ ਇਕ ਯਾਦਗਾਰ (1:22; 2:19)। ਉਹ ਸਮੂਏਲ ਨਾਲ ਪਿਆਰ ਕਰਦੀ ਅਤੇ ਉਸ ਦੀ ਦੇਖਭਾਲ ਕਰਦੀ ਸੀ।
4. ਕੁਰਬਾਨੀ ਦੀ ਇਕ ਯਾਦਗਾਰ (1:28)। ਉਹ ਖ਼ੁਦਾ ਨੂੰ ਆਪਣਾ ਕੀਮਤੀ ਬੇਟਾ ਦੇਣ ਨੂੰ ਤਿਆਰ ਸੀ।
5. ਮਾਪੇ ਹੋਣ ਦਾ ਫ਼ਰਜ਼ ਨਿਭਾਉਣ ਦੀ ਯਾਦਗਾਰ (1:28)।ਆਪਣੇ ਬੇਟੇ ਲਈ ਉਸ ਦੀ ਜ਼ਿੰਦਗੀ ਦਾ ਇੱਕੋ ਹੀ ਮਕਸੱਦ ਸੀ ਕਿ ਉਹ ਹਮੇਸ਼ਾ ਖ਼ੁਦਾ ਦੇ ਘਰ ਵਿਚ ਰਹੇ (1:22)।

**''ਹੰਨਾ: ਆਦਰਸ਼ ਮਾਂ ਲਈ ਖ਼ੁਦਾ ਦਾ ਵਿਚਾਰ''**
**(1 ਸਮੂਏਲ 1: 1-2: 21)**

1. ਉਹ ਆਪਣੇ ਬੱਚਿਆਂ ਲਈ ਖ਼ੁਦਾ ਅੱਗੇ ਸ਼ੁੱਧ ਮਨ ਅਤੇ ਲਗਨ ਨਾਲ ਦੁਆ ਕਰਦੀ ਹੈ (1:10–18)।
2. ਉਹ ਆਪਣੇ ਬੱਚਿਆਂ ਦੇ ਨਾਲ ਰਹਿਣ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨ ਦੇ ਮਹੱਤਵ ਨੂੰ ਸਮਝਦੀ ਹੈ (1:21, 22)।
3. ਉਸ ਦੀ ਜ਼ਿੰਦਗੀ ਦਾ ਮਕਸਦ ਆਪਣੇ ਬੱਚਿਆਂ ਨੂੰ ਹਮੇਸ਼ਾ ਲਈ ਖ਼ੁਦਾ ਦੇ ਘਰ ਵਿਚ ਵੇਖਣ ਨਾਲੋਂ ਵਧ ਕੇ ਹੋਰ ਕੋਈ ਨਹੀਂ (1:22, 28; 2:20)।
4. ਉਸਦਾ ਵਿਹਾਰ ਅਜਿਹਾ ਹੁੰਦਾ ਹੈ ਕਿ ਉਸਦਾ ਪਤੀ ਉਸਦੇ ਵਿਚਾਰਾਂ ਅਤੇ ਸਲਾਹ ਦੀ ਕਦਰ ਕਰਦਾ ਹੈ (1:23)।
5. ਖ਼ੁਦਾ ਦੀ ਤਾਕਤ ਵਿਚ ਉਸਦਾ ਪੱਕਾ ਯਕੀਨ ਹੈ (1:27; 2:1–10)।
6. ਆਪਣੇ ਬੱਚਿਆਂ ਨਾਲ ਪਿਆਰ ਅਤੇ ਸਮਰਪਣ ਨੂੰ ਦੱਸਣ ਦਾ ਉਹਦੇ ਕੋਲ ਛੋਟਾ ਅਤੇ ਸੂਖਮ ਢੰਗ ਹੈ (2:19)।

**ਖ਼ੁਦਾ ਦੀਆਂ ਬਰਕਤਾਂ**
**(1 ਸਮੂਏਲ 2: 1)**

1. ਮਨ ਸੰਤੁਸ਼ਟ, ਖੁਸ਼ ਅਤੇ ਅਨੰਦ ਨਾਲ ਭਰਿਆ ਹੈ।
2. ਤਾਕਤ ਅਤੇ ਧੀਰਜ ਵੱਧਦੇ ਹਨ।

3. ਭਰੋਸੇ ਕਰਕੇ ਨਾਸਤਿਕਾਂ ਨੂੰ ਗਲਤ ਸਾਬਿਤ ਕੀਤਾ ਜਾਂਦਾ ਹੈ।

ਇਹ ਬਰਕਤਾਂ ਕਿਉਂ ਮਿਲਦੀਆਂ ਹਨ? ਕਿਉਂਕਿ ਮੁਕਤੀ ''ਪ੍ਰਭੂ ਵਿਚ'' ਹੈ।

## ਬੱਚਿਆਂ ਵਿਚ ਫ਼ਰਕ

### (1 ਸਮੂਏਲ 2: 12, 26)

ਕਿੰਨੀ ਅਜੀਬ ਗੱਲ ਹੈ ਕਿ ਇੱਕੋ ਘਰ ਵਿਚ ਅਤੇ ਇੱਕੋ ਪ੍ਰਭਾਵ ਹੇਠ ਵੱਡੇ ਹੋਣ ਦੇ ਬਾਵਜੂਦ ਬੱਚੇ ਬਿਲਕੁਲ ਫ਼ਰਕ ਹੁੰਦੇ ਹਨ।

1. ਸਮੂਏਲ ਭਗਤ, ਸਮਰਪਤ, ਪਵਿੱਤਰ, ਸਨਮਾਨਤ ਭਾਵ ''ਖ਼ੁਦਾ ਨੂੰ ਸਮਰਪਤ'' ਆਦਮੀ ਸੀ।
2. ਹਾਫ਼ਨੀ ਅਤੇ ਫ਼ਿਨਹਾਸ ਸਮੂਏਲ ਦੇ ਬਿਲਕੁਲ ਉਲਟ ਭਾਵ ਸ਼ੈਤਾਨ ਨੂੰ ਸਮਰਪਤ ਸਨ (3:13)।

ਇਸ ਫ਼ਰਕ ਦੇ ਕੀ ਕਾਰਣ ਹੋ ਸਕਦੇ ਹਨ? ਸਮੂਏਲ ਦੇ ਮੁੱਢਲੇ ਸਾਲ ਉਸ ਵਿਚ ਖ਼ੁਦਾ ਦੇ ਨਿਯਮਾਂ ਨੂੰ ਭਰਨ ਨਾਲ ਬੀਤੇ (1:22, 23)। ਫ਼ੈਸਲਾ ਲੈਣ ਦੇ ਅਗਲੇ ਸਾਲਾਂ ਵਿਚ, ਹਰੇਕ ਨੇ ਆਪਣੇ ਦਿਮਾਗ ਨਾਲ ਫੈਸਲਾ ਲਿਆ ਕਿ ਉਹ ਕਿੱਧਰ ਜਾਵੇਗਾ (2:12, 26)।

## ਧਾਰਮਿਕ ਪਖੰਡੀ

### (1 ਸਮੂਏਲ 2:12-17, 22-36)

ਏਲੀ ਦੇ ਪੁੱਤਰ ਧਾਰਮਿਕ ਪਖੰਡੀਆਂ ਦੇ ਵੇਰਵੇ ਨਾਲ ਮੇਲ ਖਾਂਦੇ ਹਨ (ਤੁਲਨਾ 2 ਪਤਰਸ 2:10–19)।

1. ਭਾਵੇਂ ਉਨ੍ਹਾਂ ਨੂੰ ਧਾਰਮਿਕ ਸਿਫ਼ਾਰਿਸ਼ ਸੀ ਪਰ ਉਹ ਖ਼ੁਦਾ ਨੂੰ ਨਹੀਂ ਜਾਣਦੇ ਸਨ (2:12)।
2. ਭਾਵੇਂ ਉਹ ਇਕ ਯੋਗ ਕਿੱਤੇ ਵਿਚ ਸਨ ਪਰ ਉਹ ਬੇਕਾਰ ਸਨ (2:12)।
3. ਖਾਮੋਸ਼ੀ ਨਾਲ ਹੁਕਮ ਮੰਨਣ ਨੂੰ ਵਿਖਾਉਣ ਦੀ ਥਾਂ ਉਹ ਅਣਆਗਿਆਕਾਰ ਸਨ (2:13–17)।
4. ਉਨ੍ਹਾਂ ਨੇ ਆਪਣੇ ਆਪ ਨੂੰ ਅਨੈਤਿਕਤਾ ਲਈ ਦੇ ਦਿੱਤਾ (2:22)।
5. ਉਨ੍ਹਾਂ ਦੀ ਕਿਸਮਤ ਮੌਤ, ਤਬਾਹੀ ਅਤੇ ਸਜ਼ਾ ਸੀ (2:34)।

## ਏਲੀ: ਸ਼ੈਤਾਨ ਦੇ ਪੁੱਤਰਾਂ ਨਾਲ ਖ਼ੁਦਾ ਦਾ ਬੰਦਾ

### (1 ਸਮੂਏਲ 2: 12-4: 22)

ਇਹ ਬੇਹੱਦ ਦੁੱਖਦਾਈ ਹਾਲਤ ਹੈ ਜਿਸ ਤੋਂ ਸਾਰੇ ਮਾਂ–ਪਿਓ ਡਰਦੇ ਹਨ। ਹੈਕਲ ਵਿਚ ਆਪਣੇ ਕੰਮ ਕਰਦਿਆਂ ਏਲੀ ਅਤੇ ਉਸਦੇ ਪੁੱਤਰਾਂ ਵਿਚ ਫ਼ਰਕ (1:4; 2:13, 14), ਸੰਦੂਕ ਨੂੰ (4:3, 4; 4:13, 18), ਦੂਜਿਆਂ ਪ੍ਰਤੀ ਉਨ੍ਹਾਂ ਦੀ ਪ੍ਰਤੀਕ੍ਰਿਆ (2:16; 2:25) ਅਤੇ ਖ਼ੁਦਾ ਦੀ ਧਾਰਣਾ (2:17; 2:25) ਵੇਖੋ।

ਅਜਿਹੇ ਖ਼ਤਰਨਾਕ ਹਲਾਤ ਲਈ ਦੋ ਹੀ ਗੱਲਾਂ ਜ਼ਿੰਮੇਵਾਰ ਲਗਦੀਆਂ ਹਨ: ਬੱਚਿਆਂ ਦੀ ਜ਼ਿਦ ਪੂਰੀ ਕਰਦਿਆਂ ਪਾਲਣ ਪੋਸ਼ਣ ਕਰਨਾ (3:13; 2:25) ਅਤੇ ਨੂੰ ਬਿਨਾਂ ਅਗਵਾਈ

ਦਿੱਤੇ ਆਪਣੇ ਫੈਸਲੇ ਆਪ ਲੈਣ ਦੀ ਦੇਣਾ (2:12, 17, 25; 3:13)। ਜਦ ਮਾਂ ਪਿਓ ਅਤੇ ਬੱਚੇ ਖ਼ੁਦਾ ਲਈ ਮਿਲ ਕੇ ਆਦਰ ਨਹੀਂ ਰੱਖ ਪਾਉਂਦੇ ਤਾਂ ਉਸਦੇ ਨਤੀਜੇ ਖ਼ਤਰਨਾਕ ਨਿੱਕਲਦੇ ਹਨ।

1. ਪਰਿਵਾਰ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ (2:22–24)।
2. ਝਗੜੇ ਵਧ ਜਾਂਦੇ ਹਨ (2:25)।
3. ਖ਼ੁਦਾ ਪ੍ਰਤੀ ਪਰਿਵਾਰ ਦਾ ਸਮਰਪਣ ਘੱਟ ਜਾਂਦਾ ਹੈ (2:29)। (''ਤੁਸੀਂ'' ਏਲੀ ਅਤੇ ਉਸਦੇ ਪੁੱਤਰਾਂ ਨੂੰ ਆਖਿਆ ਗਿਆ ਹੈ।)
4. ਪਰਿਵਾਰ ਦੀ ਵਿਰਾਸਤ ਦੁੱਖ ਅਤੇ ਸੋਗ ਹੀ ਹੋਵੇਗੀ (2:33; 4:13–17)।

ਅਜਿਹੇ ਪਰਿਵਾਰ ਤੋਂ ਆਮ ਤੌਰ ਤੇ ਖ਼ੁਦਾ ਦੀ ਵਡਿਆਈ ਖੁੱਸ ਜਾਂਦੀ ਹੈ (4:19–22)। ਆਧੁਨਿਕ ਪਰਿਵਾਰ ਨੂੰ ਏਲੀ ਅਤੇ ਉਸਦੇ ਪੁੱਤਰਾਂ ਦੀ ਹਾਲਤ ਵੇਖ ਕੇ ਕਿੰਨਾ ਦੁੱਖ ਹੁੰਦਾ ਹੈ।

### ਗੰਭੀਰ ਹਕੀਕਤਾਂ
### (1 ਸਮੂਏਲ 2: 13-17)

1. ਖ਼ੁਦਾ ਦੇ ਭੈਅ ਵਿਚ ਰਹਿਣ ਵਾਲੇ ਮਾਪਿਆਂ ਵੱਲੋਂ ਪਾਲੇ ਪੋਸੇ ਗਏ ਬੱਚੇ ਖ਼ੁਦਾ ਤੋਂ ਰਹਿਤ ਹੋ ਸਕਦੇ ਹਨ (2:12)।
2. ਧਾਰਮਿਕ ਆਗੂ ਖ਼ੁਦਾ ਦੀ ਥਾਂ ਆਪਣੇ ਆਪ ਨੂੰ ਸਮਰਪਤ ਹੋ ਸਕਦੇ ਹਨ (2:15)।
3. ਬੰਦਗੀ ਦੇ ਢੰਗ ਬਰਕਤ ਦੀ ਥਾਂ ਸਰਾਪ ਬਣ ਸਕਦੇ ਹਨ (2:17)।

### ਇਕ ਸ਼ਰਮਨਾਕ ਪ੍ਰਭਾਵ
### (1 ਸਮੂਏਲ 2: 17)

ਏਲੀ ਦੇ ਪੁੱਤਰਾਂ ਨੇ ਯਹੋਵਾਹ ਦੀ ਕੁਰਬਾਨੀ ਦਾ ਸਰੇਆਮ ਨਿਰਾਦਰ ਕੀਤਾ ਸੀ। ''ਲੋਕ ਯਹੋਵਾਹ ਦੀ ਭੇਂਟ ਨੂੰ ਤੁੱਛ ਜਾਣਦੇ ਸਨ।'' ਕਿੰਨੀ ਮਾੜੀ ਗੱਲ ਹੈ ਕਿ ਕੋਈ ਖ਼ੁਦਾ ਦੀ ਬੰਦਗੀ ਅਤੇ ਭੇਂਟਾਂ ਬਾਰੇ ਗ਼ਲਤ ਚਰਚਾ ਦਾ ਕਾਰਣ ਬਣੇ। ਇਹ ਕਿਵੇਂ ਹੋਇਆ ਸੀ?

1. ਉਸ ਸਿਰਫ਼ ਆਪਣੇ ਆਪ ਨੂੰ ਹੀ ਵੇਖਦੇ ਅਤੇ ਬੇਸ਼ਰਮੀ ਨਾਲ ਆਪਣਾ ਅਨੰਦ ਪੂਰਾ ਕਰਦੇ ਸਨ।
2. ਉਹ ਖ਼ੁਦਾ ਦੀਆਂ ਸਿੱਖਿਆਵਾਂ ਦਾ ਨਿਰਾਦਰ ਕਰਦੇ ਸਨ।
3. ਉਹ ਆਪਣੇ ਪਿਤਾ ਦੀਆਂ ਸਿੱਖਿਆਵਾਂ ਨੂੰ ਠੁਕਰਾਉਂਦੇ ਸਨ।
4. ਉਹ ਆਪਣੇ ਪ੍ਰਭਾਵ ਨਾਲ ਹੋਣ ਵਾਲੇ ਨਤੀਜਿਆਂ ਦੀ ਪਰਵਾਹ ਨਹੀਂ ਕਰਦੇ ਸਨ।

ਉਹੀ ਸ਼ਰਮਨਾਕ ਪ੍ਰਭਾਵ ਸਾਡੀਆਂ ਜ਼ਿੰਦਗੀ ਵਿਚ ਵੀ ਵੇਖਿਆ ਜਾ ਸਕਦਾ ਹੈ। ਕੀ ਅਸੀਂ ਅਜਿਹਾ ਕੋਈ ਕੰਮ ਕਰ ਰਹੇ ਜਾਂ ਕਰਨ ਦੀ ਇਜਾਜ਼ਤ ਦਿੰਦੇ ਹਾਂ ਜਿਸ ਨਾਲ ਮਸੀਹ ਅਤੇ ਉਸ ਦੀ ਕਲੀਸੀਆ ਦੀ ਬਦਨਾਮੀ ਹੋ ਸਕਦੀ ਹੋਵੇ। ਨਿਆਂ ਵਾਲੇ ਦਿਨ ਖੜੇ ਹੋ ਕਿ ਇਹ ਸੁਣਨਾ ਕਿ ਅਸੀਂ ਖ਼ੁਦਾ ਦੀ ਕੁਰਬਾਨੀ ਨੂੰ ਬਦਨਾਮ ਕੀਤਾ ਹੈ, ਕਿੰਨਾ ਦਰਦਨਾਕ ਹੈ!

## ''ਅਤੇ ਸਮੂਏਲ ਵੱਡਾ ਹੁੰਦਾ ਗਿਆ''
## (1 ਸਮੂਏਲ 2:21)

ਸਮੂਏਲ ਦੇ ਵੱਡਾ ਹੋਣ ਦੇ ਤਿੰਨ ਹਵਾਲਿਆਂ (2:21, 26; 3:19) ਵਿਚ ਅਸੀਂ ਪਹਿਲਾਂ ਖ਼ੁਦਾ ਲਈ ਸਮਰਪਣ ਅਤੇ ਵੱਡਾ ਹੋਣ ਨੂੰ ਵੇਖਦੇ ਹਾਂ। ਕਿਉਂ?

1. ਉਸ ਦੇ ਮਾਪਿਆਂ ਦੀ ਸਿਖਲਾਈ ਕਰਕੇ।
2. ਹੈਕਲ ਵਿਚ ਉਸਦੀ ਲਗਾਤਾਰ ਮੌਜੂਦਗੀ ਕਰਕੇ।
3. ਆਪਣੇ ਸਾਥੀਆਂ ਨਾਲ ਉਸਦੀ ਇਮਾਨਦਾਰੀ ਕਰਕੇ।
4. ਖ਼ੁਦਾ ਦੇ ਨਿਯਮਾਂ ਨੂੰ ਬਚਪਨ ਤੋਂ ਹੀ ਸਿੱਖਣ ਦੀ ਉਸ ਦੀ ਲਗਨ ਕਰਕੇ।

## ਇਕ ਪਿਤਾ ਦੀ ਸਲਾਹ ਠੁਕਰਾਈ ਗਈ
## (1 ਸਮੂਏਲ 2:22-25)

ਏਲੀ ਦੇ ਪੁੱਤਰਾਂ ਨੇ ਉਸ ਦੀ ਕਿਹੜੀ ਸਿੱਖਿਆ ਨੂੰ ਨਕਾਰਿਆ ਸੀ?

1. ਧਰਮਿਕਤਾ ਬਾਰੇ ਉਸ ਦੀਆਂ ਗੱਲਾਂ ਨੂੰ (2:22)।
2. ਖ਼ੁਦਾ ਬਾਰੇ ਉਸ ਦੀਆਂ ਗੱਲਾਂ ਨੂੰ (2:12)।
3. ਖ਼ੁਦਾ ਦੀ ਬੰਦਗੀ ਬਾਰੇ ਉਸ ਦੀਆਂ ਗੱਲਾਂ ਨੂੰ (2:13–17)।

ਕਿਉਂਕਿ ਉਨ੍ਹਾਂ ਨੇ ਆਪਣੇ ਪਿਤਾ ਦੀ ਸਲਾਹ ਨੂੰ ਨਕਾਰ ਦਿੱਤਾ ਸੀ ਇਸ ਕਰਕੇ ਸਜ਼ਾ ਉਨ੍ਹਾਂ ਦੀ ਉਡੀਕ ਕਰ ਰਹੀ ਸੀ (2:25)।

## ਪਾਪ ਦਾ ਸਾਹਮਣਾ ਕਰਨਾ
## (1 ਸਮੂਏਲ 2:22-25)

1. ਪਾਪ ਨੂੰ ਨੰਗਾ ਕੀਤਾ ਜਾਵੇਗਾ ਅਤੇ ਸਾਹਮਣੇ ਲਿਆਂਦਾ ਜਾਵੇਗਾ ਕਿਉਂਕਿ ਪਾਪ ਹਮੇਸ਼ਾ ਤਕ ਲੁਕਿਆ ਨਹੀਂ ਰਹਿ ਸਕਦਾ (2:22, 23)।
2. ਪਾਪ ਦੀ ਗੱਲ ਛੇਤੀ ਨਾਲ ਦੂਰ ਤਕ ਚਲੀ ਜਾਂਦੀ ਹੈ (2:24)।
3. ਜਦ ਕੋਈ ਖ਼ੁਦਾ ਦੇ ਖਿਲਾਫ਼ ਪਾਪ ਕਰਦਾ ਹੈ ਅਤੇ ਤੌਬਾ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਮਾਫ਼ੀ ਨਾਮੁਮਕਿਨ ਹੋ ਜਾਂਦੀ ਹੈ! ਕੋਈ ਉਮੀਦ ਨਹੀਂ ਰਹਿੰਦੀ (2:25)।
4. ਭਾਵੇਂ ਪਾਪ ਨੂੰ ਬਿਨਾਂ ਸਾਹਮਣਾ ਕੀਤੇ ਖੁੱਲ੍ਹੀ ਛੁੱਟ ਦਿੱਤੀ ਜਾ ਸਕਦੀ ਹੈ, ਪਰ ਹੋ ਜਾਣ ਤੇ ਇਹ ਬਿਨਾ ਨਤੀਜੇ ਦੇ ਨਹੀਂ ਰਹਿੰਦਾ (2:25; 3:13)।

## ਇਕ ਪਿਤਾ ਦੀਆਂ ਨਾਕਾਮੀਆਂ
## (1 ਸਮੂਏਲ 2:27-36)

ਪਿਤਾ ਦੇ ਰੂਪ ਵਿਚ ਏਲੀ ਦੀ ਨਾਕਾਮੀ ਦਾ ਪਤਾ ਲਗਦਾ ਹੈ ਕਿ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਣ ਲਈ ਮਾਂ–ਬਾਪ ਨੂੰ ਕੀ *ਨਹੀਂ* ਕਰਨਾ ਚਾਹੀਦਾ।

1. ਖ਼ੁਦਾ ਦੇ ਹੁਕਮਾਂ ਨੂੰ ਤੁੱਛ ਨਾ ਸਮਝੋ (2:27–29)।
2. ਆਪਣੇ ਬੱਚਿਆਂ ਨੂੰ ਖ਼ੁਦਾ ਨਾਲੋਂ ਵੱਧ ਸਨਮਾਨ ਨਾ ਦਿਓ ਭਾਵ ਜਦ ਉਹ ਪਾਪ

ਕਰਦੇ ਹਨ ਤਾਂ ਉਨ੍ਹਾਂ ਨੂੰ ਸਹੀ ਠਹਿਰਾਉਣ ਦੇ ਬਹਾਨੇ ਨਾ ਬਣਾਓ (2:29)।

3. ਬੱਚਿਆਂ ਵੱਲੋਂ ਬੁਰੇ ਕੰਮ ਕਰਨ ਤੇ ਉਨ੍ਹਾਂ ਦਾ ਸਾਥ ਨਾ ਦਿਓ (2:29)।
4. ਮਾਂ ਬਾਪ ਹੋਣ ਦੀ ਆਪਣੀ ਭੂਮਿਕਾ ਨੂੰ ਲਾਪਰਵਾਹੀ ਨਾਲ ਨਾ ਲਓ; ਬੱਚਿਆਂ ਦੇ ਪਾਲਣ ਪੋਸ਼ਣ ਦੇ ਤੁਹਾਡੇ ਢੰਗ ਨਾਲ ਬਹੁਤ ਸਾਰੇ ਲੋਕ ਖ਼ਤਰਨਾਕ ਢੰਗ ਨਾਲ ਪ੍ਰਭਾਵਿਤ ਹੋਣਗੇ (2:30–36)।

### ਖ਼ੁਦਾ ਦੇ ਹੁਕਮਾਂ ਪ੍ਰਤੀ ਜ਼ਿੰਮੇਵਾਰੀ
### (1 ਸਮੂਏਲ 2:29)

''ਤੁਸੀਂ ਉਨ੍ਹਾਂ ਨੂੰ ਨਰਾਜ਼ ਕਿਉਂ ਕੀਤਾ?'' (2:29; NEB)। ਇੱਥੇ ਏਲੀ ਨੂੰ ਇਕ ਜ਼ਬਰਦਸਤ ਝਿੜਕ ਹੈ। ਉਸ ਉੱਤੇ ਖ਼ੁਦਾ ਦੇ ਹੁਕਮਾਂ ਨੂੰ ਨਰਾਜ਼ ਕਰਨ ਦਾ ਇਲਜ਼ਾਮ ਕਿਉਂ ਲੱਗ ਸਕਿਆ?

1. ਉਸ ਨੇ ਆਪਣੇ ਮਨ ਵਿਚ ਆਪਣੇ ਬੱਚਿਆਂ ਨੂੰ ਖ਼ੁਦਾ ਦੀ ਸਥਿਤੀ ਨੂੰ ਹੱੜਪ ਲੈਣ ਦੀ ਇਜਾਜ਼ਤ ਦੇ ਦਿੱਤੀ। ਉਸ ਨੇ ਆਪਣੇ ਬੱਚਿਆਂ ਨੂੰ ਰੱਖਣ ਲਈ ਆਪਣੇ ਦਿਲ ਵਿਚ ਖ਼ੁਦਾ ਨੂੰ ਦੂਜੀ ਥਾਂ ਦੇ ਦਿੱਤੀ ਪਰ ਉਸ ਨੇ ਖ਼ੁਦਾ ਅਤੇ ਆਪਣੇ ਬੱਚਿਆਂ ਦੋਹਾਂ ਨੂੰ ਗੁਆ ਲਿਆ!
2. ਉਸ ਨੇ ਆਪਣੇ ਮਨ ਵਿਚ ਠਹਿਰਾਈ ਆਪਣੀ ਭੂਮਿਕਾ ਦੀ ਗੰਭੀਰਤਾ ਨਹੀਂ ਰੱਖੀ। ਯਾਜਕ ਦੇ ਰੂਪ ਵਿਚ ਉਸ ਨੇ ਆਪਣੇ ਰੁਤਬੇ ਦੀ ਅਹਿਮੀਅਤ ਨੂੰ ਆਪਣੀ ਜ਼ਿੰਦਗੀ ਵਿਚ ਦਖਲ ਦੇਣ ਦਿੱਤਾ। ਖ਼ੁਦਾ ਦੇ ਯਾਜਕ ਦੇ ਰੂਪ ਵਿਚ ਉਸ ਨੂੰ ਕੁਰਬਾਨੀਆਂ ਸਹੀ ਢੰਗ ਨਾਲ ਲਿਆਏ ਜਾਣ ਬਾਰੇ ਵਧੇਰੇ ਚਿੰਤਨ ਹੋਣਾ ਚਾਹੀਦਾ ਸੀ।
3. ਉਸ ਨੂੰ ਜ਼ਿੰਦਗੀ ਵਿਚ ਅਨੁਸ਼ਾਸਨ ਵਾਲੇ ਵਿਚਾਰ ਪਸੰਦ ਨਹੀਂ ਸਨ।

### ਖ਼ੁਦਾ ਪ੍ਰਤੀ ਮਨੁੱਖ ਦੀ ਜ਼ਿੰਮੇਵਾਰੀ
### (1 ਸਮੂਏਲ 2:29)

ਏਲੀ ਨੂੰ ਨਬੀ ਦੇ ਸਵਾਲ ''ਕਿਉਂ?'' ਦਾ ਜਵਾਬ ਦੇਣਾ ਔਖਾ ਸੀ। ਉਸ ਨੂੰ ਆਪਣੇ ਵਿਹਾਰ ਅਤੇ ਅਮਲਾਂ ਦਾ ਹਿਸਾਬ ਦੇਣ ਲਈ ਸੱਦਿਆ ਗਿਆ ਸੀ। ਹਰ ਕਿਸੇ ਲਈ ਇਹ ਗੱਲ ਸਹੀ ਹੈ (2 ਕੁਰਿੰਥੀਆਂ 5:10)। ਸਾਨੂੰ ਕਿਸ ਗੱਲ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

1. ਖ਼ੁਦਾ ਦੀ ਬੰਦਗੀ ਦੀਆਂ ਯੋਜਨਾਵਾਂ (''ਕੁਰਬਾਨੀ,'' ''ਭੇਂਟ'') ਨੂੰ ਸਖ਼ਤੀ ਨਾਲ ਮੰਨਣ ਲਈ।
2. ਖ਼ੁਦਾ ਅਤੇ ਮਸੀਹ ਨੂੰ ਤਰਜੀਹ (''ਆਦਰ'') ਦੇਣ ਲਈ।
3. ਲਾਲਚ (''ਮੋਟੇ ਹੋਣ'' ਲਈ)।

### ਖ਼ੁਦਾ ਦੀ ਬੁਲਾਹਟ
### (1 ਸਮੂਏਲ 3:1-10)

1. ਅਗਿਆਨਤਾ ਕਾਰਣ ਉਸ ਦੀ ਬੁਲਾਹਟ ਨੂੰ ਗਲਤ ਸਮਝਿਆ ਜਾ ਸਕਦਾ ਹੈ (3:7)।

2. ਉਸ ਦੀ ਬੁਲਾਹਟ ਦਾ ਜਵਾਬ ਦੇਣ ਲਈ ਸਾਡੀ ਮਦਦ ਵਾਸਤੇ ਆਮ ਤੌਰ ਤੇ ਦੂਸਰਿਆਂ ਦੀ ਲੋੜ ਪੈਂਦੀ ਹੈ (3:9)।
3. ਉਸ ਦੀ ਬੁਲਾਹਟ ਸਾਨੂੰ ਇਮਾਨਦਾਰ ਅਤੇ ਅਧੀਨ ਹੋਣਾ ਜ਼ਰੂਰੀ ਬਣਾਉਂਦੀ ਹੈ (3:10)।

**ਖ਼ੁਦਾ ਦੀ ਬੁਲਾਹਟ ਦਾ ਜਵਾਬ ਦੇਣਾ**

**(1 ਸਮੂਏਲ 3:10)**

ਖ਼ੁਦਾ ਦੀ ਬੁਲਾਹਟ ਦਾ ਕਬੂਲੇ ਜਾਣ ਯੋਗ ਜਵਾਬ ਸਿਰਫ਼ ਇਹੀ ਹੈ।

1. ਸਾਡੇ ਲਈ ਖ਼ੁਦਾ ਦੇ ਜਾਇਜ਼ ਦਾਅਵੇ ਦੀ **ਪਛਾਣ** (''ਬੋਲਣਾ'')।
2. ਇਮਾਨਦਾਰੀ ਨਾਲ ਸੁਣਨ ਦੀ **ਇੱਛਾ** (''ਸੁਣਨਾ'')।
3. ਅਧੀਨ ਹੋਣ ਅਤੇ ਸੇਵਾ ਕਰਨ ਦੀ **ਦੀਨਤਾ** (''ਤੇਰਾ ਦਾਸ'')।

**ਖ਼ੁਦਾ ਦੇ ਵਚਨ ਨੂੰ ਰੋਕਣਾ**

**(1 ਸਮੂਏਲ 3:15)**

1. ਕਾਰਣ–ਦੋਸ਼ੀ ਠਹਿਰਾਏ ਹੋਇਆਂ ਲਈ ਡਰ ਅਤੇ ਮੋਹ।
2. ਕਾਰਜ–ਖ਼ੁਦਾ ਦੇ ਵਚਨ ਨੂੰ ਲੁਕਾਉਣਾ ਅਤੇ ਜੋ ਇਹ ਕਹਿੰਦਾ ਹੈ ਉਹ ਦੱਸਣੋ ਇਨਕਾਰ ਕਰਨਾ।
3. ਜੁਰਮਾਨਾ–ਸਜ਼ਾ।
4. ਬੇਹਤਰੀਨ ਢੰਗ–ਸਭ ਕੁਝ ਦੱਸਣ ਅਤੇ ਕੁਝ ਵੀ ਨਾ ਲੁਕਾਉਣ ਦੀ ਹਿੰਮਤ ਕਰੋ।

**ਖ਼ੁਦਾ ਨੂੰ ਸਮਰਪਣ**

**(1 ਸਮੂਏਲ 3:18)**

1. ਇਹ ਬਹੁਤ ਦੇਰ ਬਾਅਦ ਹੋਇਆ। ਤਦ ਤਕ ਏਲੀ ਦੇ ਪੁੱਤਰ ਵੱਡੇ ਹੋ ਚੁੱਕੇ ਸਨ ਅਤੇ ਉਨ੍ਹਾਂ ਨੇ ਆਪੋ ਆਪਣੀ ਪਸੰਦ ਚੁਣ ਲਈ ਸੀ। ਜੇ ਇਹ ਸਮਰਪਣ ਪਹਿਲਾ ਹੋਇਆ ਹੁੰਦਾ ਤਾਂ ਉਨ੍ਹਾਂ ਦੀਆਂ ਜ਼ਿੰਦਗੀਆਂ ਹੀ ਹੋਰ ਹੋਣੀਆਂ ਸਨ।
2. ਇਹ ਦੁਖੀ ਹੋ ਕੇ ਕੀਤਾ ਗਿਆ ਸੀ। ਮਾਹੌਲ ਸੋਗ ਭਰਿਆ ਸੀ ਅਤੇ ਫ਼ੈਸਲਾ ਬਦਲਿਆ ਨਹੀਂ ਜਾ ਸਕਦਾ ਸੀ। ਜੇ ਏਲੀ ਪਹਿਲਾਂ ਹੀ ਖ਼ੁਦਾ ਨੂੰ ਸਮਰਪਣ ਦੇ ਦਿੰਦਾ ਤਾਂ ਉਸ ਨੂੰ ਆਨੰਦ ਅਤੇ ਖੁਸ਼ੀ ਮਿਲ ਸਕਦੀ ਸੀ।
3. ਇਹ ਬੇਕਾਰ ਮੰਨਿਆ ਗਿਆ। ਏਲੀ ਨੇ ਇਕੱਲੇ ਹੀ ਭਾਵ ਬਿਨਾਂ ਖ਼ੁਦਾ ਦੇ ਕੋਸ਼ਿਸ਼ ਕੀਤੀ ਸੀ। ਉਸ ਕਿੰਨੀ ਵੱਡੀ ਗਲਤੀ ਕੀਤੀ ਸੀ! ਹੁਣ ਬੇਹੱਦ ਨਿਰਾਸ਼ਾ ਵਿਚ ਉਸ ਨੇ ਆਪਣੇ ਫਜ਼ੂਲ ਹੋਣ ਦੀ ਗੱਲ ਮੰਨ ਲਈ। ਇਹੀ ਕੰਮ ਜੋ ਉਹ ਪਹਿਲਾਂ ਕਰ ਲੈਂਦਾ ਤਾਂ ਸ਼ਾਇਦ ਉਸ ਨੂੰ ਨਿਰਾਸ਼ਾ ਦਾ ਮੂੰਹ ਨਾ ਵੇਖਣਾ ਪੈਂਦਾ।

ਜੇ ਅਸੀਂ ਸ਼ਾਂਤੀ, ਅਨੰਦ ਅਤੇ ਖੁਸ਼ੀ ਪਾਉਣਾ ਚਾਹੁੰਦੇ ਹਾਂ ਤਾਂ ਜ਼ਿੰਦਗੀ ਦੇ ਸ਼ੁਰੂ ਵਿਚ ਹੀ ਸਾਨੂੰ ਬਿਨਾ ਕਿਸੇ ਝਿਝਕ ਦੇ ਖ਼ੁਦਾ ਦੀ ਰਜ਼ਾ ਨੂੰ ਮੰਨਣਾ ਜ਼ਰੂਰੀ ਹੈ!

## ਇਲਾਹੀ ਸੰਗਤੀ
## (1 ਸਮੂਏਲ 3: 19)

ਆਪਣੀ ਪੂਰੀ ਜ਼ਿੰਦਗੀ ਸਮੂਏਲ ਦਾ ਸਾਥੀ ਯਹੋਵਾਹ ਹੀ ਸੀ। ਉਹਦੇ ਨਾਲ ਸਾਡੀ ਸੰਗਤੀ ਸਮੂਏਲ ਦੀ ਸੰਗਤੀ ਵਰਗੀ ਹੋਣੀ ਚਾਹੀਦੀ ਹੈ।

1. ਕਾਰਣ–ਸਮੂਏਲ ਖ਼ੁਦਾ ਨਾਲ ''ਸਹਿਮਤ ਸੀ'' (ਆਮੋਸ 3:3) ਅਤੇ ਉਹਦੀ ਪੂਰੀ ਜ਼ਿੰਦਗੀ ਖ਼ੁਦਾ ਦੀ ਮਰਜ਼ੀ ਦੇ ਆਲੇ–ਦੁਆਲੇ ਕੇਂਦਰਤ ਰਹੀ।
2. ਨਤੀਜਾ–ਸਮੂਏਲ ਨੇ ਬਰਕਤਾਂ, ਪ੍ਰਭਾਵ, ਆਦਰ ਅਤੇ ਇਖ਼ਤਿਆਰ ਦਾ ਅਨੰਦ ਲਿਆ; ਉਹ ਇਸਰਾਏਲ ਨੂੰ ਖ਼ੁਦਾ ਦੀ ਮੌਜੂਦਗੀ ਦੀ ਹਕੀਕਤ ਤਕ ਲੈ ਕੇ ਆਇਆ।
3. ਲੰਬਾਈ–ਸਮੂਏਲ ਨੇ ਖ਼ਦਾ ਨਾਲ ਸੰਗਤੀ ਦੀ ਸ਼ੁਰੂਆਤ ਬਚਪਨ ਤੋਂ ਕੀਤੀ ਅਤੇ ਇਹ ਕਦੇ ਖ਼ਤਮ ਨਹੀਂ ਹੋਈ।
4. ਸੁਰੱਖਿਆ–''ਉਸ ਨੇ ਉਸ ਦੀ ਕਿਸੇ ਗੱਲ ਨੂੰ ਭੁੰਜੇ ਨਹੀਂ ਪੈਣ ਦਿੱਤਾ।''

## ਪ੍ਰਭੂ ਦੇ ਨਾਲ ਰਹਿਣਾ
## (1 ਸਮੂਏਲ 3: 19-4: 1)

''ਯਹੋਵਾਹ ਦੇ ਘਰ ਸਦਾ ਰਹਿਣ'' ਦੀ ਦਾਊਦ ਦੀ ਇੱਛਾ ਸਮੂਏਲ ਦੇ ਭਗਤੀ ਭਰੇ ਜੀਵਨ ਤੋਂ ਹੀ ਪੈਦਾ ਹੋਈ ਹੋਵੇਗੀ। ਸਮੂਏਲ ਹੀ ਉਹ ਸ਼ਖ਼ਸ ਸੀ ਜਿਹੜਾ ''ਆਪਣੀ ਜ਼ਿੰਦਗੀ ਦੇ ਸਾਰੇ ਦਿਨ ਯਹੋਵਾਹ ਦੇ ਨਾਲ'' ਰਿਹਾ। ਯਹੋਵਾਹ ਦੇ ਨਾਲ ਰਹਿਣ ਦੇ ਨਤੀਜੇ ਵਜੋਂ:

1. ਸਮਾਜਿਕ, ਦਿਮਾਗੀ, ਜਜ਼ਬਾਤੀ ਅਤੇ ਰੂਹਾਨੀ ਤੌਰ ਤੇ ਚੰਗੀ ਬੁਨਿਆਦ ਨਾਲ ਉਸਦਾ ਵਿਕਾਸ (3: 19; 2: 26)।
2. ਉਸ ਦੀਆਂ ਗੱਲਾਂ ਸੱਚੀਆਂ ਅਤੇ ਪੂਰੀਆਂ ਹੋਈਆਂ (3: 19)।
3. ਪੂਰੇ ਇਸਰਾਏਲ ਵਿਚ ਖ਼ੁਦਾ ਦੇ ਸਨਮਾਨਿਤ ਬੰਦੇ ਦੇ ਰੂਪ ਵਿਚ ਉਸ ਦਾ ਪ੍ਰਭਾਵ ਫੈਲਿਆ (3: 20; 4: 1)।
4. ਉਸ ਦੀ ਜ਼ਿੰਦਗੀ ਨਾਲ ਖ਼ੁਦਾ ਹਾਜ਼ਰ ਹੋਇਆ ਅਤੇ ਇਸਰਾਏਲ ਨੂੰ ਖ਼ੁਦਾ ਦੀ ਮੌਜੂਦਗੀ ਦਾ ਅਨੰਦ ਮਿਲਿਆ (3: 21)।
5. ਉਸ ਦੀ ਜ਼ਿੰਦਗੀ ਤੋਂ ਅਖ਼ਤਿਆਰ ਨਜ਼ਰ ਆਉਂਦਾ ਸੀ ਜੋ ਵਿਖਾਇਆ ਨਹੀਂ ਗਿਆ ਪਰ ਕੁਦਰਤੀ ਹੀ ਨਜ਼ਰ ਆਇਆ (4: 1)।

## ਇਕ ਜ਼ਬਰਦਸਤ ਸ਼ਾਬਾਸ਼
## (1 ਸਮੂਏਲ 3: 21)

ਸਮੂਏਲ ਦੇ ਕਾਰਣ ਸ਼ੀਲੋਹ ਵਿਚ ਯਹੋਵਾਹ ਦੀ ਮੌਜੂਦਗੀ ਸੀ। ਅਸੀਂ ਵੀ ਸਮਾਜ ਵਿਚ ਖ਼ੁਦਾ ਦੀ ਮੌਜੂਦਗੀ ਦਾ ਅਹਿਸਾਸ ਕਰਾ ਸਕਦੇ ਹਾਂ! ਇਹਦੇ ਲਈ ਸਾਨੂੰ ਸਮੂਏਲ ਵਾਲੀ ਭਲਿਆਈ ਦੀ ਨਕਲ ਕਰਨੀ ਪਵੇਗੀ।

1. ਖ਼ੁਦਾ ਲਈ ਉਸ ਦਾ ਲਗਾਤਾਰ ਸਮਰਪਣ (3: 19)।
2. ਉਸਦੀ ਸੱਚੀ ਭਾਸ਼ਾ (3: 19)।

3. ਉਸ ਦਾ ਰੋਜ਼ ਦਾ ਚਲਣ।

ਜਦ ਅਸੀਂ ਇਨ੍ਹਾਂ ਚੰਗੇ ਗੁਣਾ ਦੀ ਨਕਲ ਕਰਦੇ ਹਾਂ, ਤਾਂ ਖ਼ੁਦਾ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਨਾਲ ਜ਼ਿੰਦਗੀ ਵਿਚ ਅਸੀਂ ਜੁੜੇ ਹਾਂ ਹਕੀਕਤ ਬਣ ਜਾਂਦਾ ਹੈ।

## ਧਰਮ ਵਿਚਲੇ ਕੁਇਕ-ਫਿਕਸ

### (1 ਸਮੂਏਲ 4: 1-11)

ਇਸਰਾਏਲੀ ਕਿਸੇ ਅਜਿਹੇ ਹੱਲ ਦੀ ਤਲਾਸ਼ ਵਿਚ ਸਨ ਜੋ ਅਸਾਨ ਅਤੇ ਫ਼ੌਰੀ ਹੋਵੇ। ਉਨ੍ਹਾਂ ਨੂੰ ਲਗਦਾ ਸੀ ਕਿ ਉਹ ਸੰਦੂਕ ਨੂੰ ਵਾਪਸ ਲਿਆ ਸਕਦੇ ਹਨ ਅਤੇ ਸਭ ਮੁਸ਼ਕਿਲਾਂ ਜਾਦੂ ਨਾਲ ਠੀਕ ਹੋ ਜਾਣਗੀਆਂ। ਪਰ ਅਜਿਹਾ ਨਹੀਂ ਹੋਇਆ। ਅੱਜ ਬਹੁਤ ਸਾਰੇ ਲੋਕ ਮੁਸ਼ਕਿਲਾਂ ਦੇ ਹੱਲ ਲਈ ਇਹੋ ਜਿਹੇ ''ਕੁਇਕ–ਫਿਕਸ'' ਹੀ ਲੱਭਦੇ ਹਨ ਅਤੇ ਉਨ੍ਹਾਂ ਨੂੰ ਮਿਲਦਾ ਕੁਝ ਨਹੀਂ ਹੈ। ਇਹ ''ਕੁਇਕ–ਫਿਕਸ'' ਕੰਮ ਕਿਉਂ ਨਹੀਂ ਕਰਦੇ?

1. ਹੱਲਾਂ ਲਈ ਸੱਚੇ ਦਿਲੋਂ ਤੌਬਾ ਅਤੇ ਦਿਲ ਦਾ ਬਦਲਣਾ ਜ਼ਰੂਰੀ ਹੈ। ਕੁਇਕ–ਫਿਕਸ ਤਾਂ ਸਿਰਫ਼ ਖਿਆਲੀ ਹਨ!
2. ਹੱਲਾਂ ਵਾਸਤੇ ਸਖ਼ਤ ਮਿਹਨਤ ਅਤੇ ਆਪਣਾ ਇਨਕਾਰ ਜ਼ਰੂਰੀ ਹੈ। ਕੁਇਕ–ਫਿਕਸਾਂ ਨਾਲ ਇਹ ਵਹਿਮ ਪੈ ਜਾਂਦਾ ਹੈ: ''ਮੈਨੂੰ ਬਹੁਤਾ ਬਦਲਣ ਦੀ ਲੋੜ ਨਹੀਂ ਹੈ।''
3. ਹੱਲਾਂ ਵਾਸਤੇ ਨਿੱਜੀ ਗ਼ਲਤੀ ਨੂੰ ਕਬੂਲਣਾ ਜ਼ਰੂਰੀ ਹੈ, ਨਾ ਕਿ ਮੁਸ਼ਕਿਲਾਂ ਵਾਸਤੇ ਖ਼ੁਦਾ ਜਾਂ ਕਿਸੇ ਹੋਰ ਨੂੰ ਦੋਸ਼ ਦੇਣਾ। ਕੁਇਕ–ਫਿਕਸ ਇਨਕਾਰ ਕਰਦੇ ਹਨ ਕਿ ਮੁਸ਼ਕਿਲਾਂ ਦੀ ਕੋਈ ਆਪਣੀ ਨਿੱਜੀ ਜ਼ਿੰਮੇਵਾਰੀ ਹੈ!

ਜ਼ਿਆਦਾਤਰ ਲੋਕ ਧਰਮ ਵਿਚ ਸੱਚੀ ਅਤੇ ਸਦਾ ਰਹਿਣ ਵਾਲੀ ਤਬਦੀਲੀ ਦੀ ਕੋਸ਼ਿਸ਼ ਕਦੇ ਨਹੀਂ ਕਰਦੇ। ਉਹ ਹਮੇਸ਼ਾ ਕੁਇਕ–ਫ਼ਿਕਸਾਂ ਉੱਤੇ ਨਿਰਭਰ ਹੁੰਦੇ ਹਨ। ਅਜਿਹੇ ਲੋਕ ਤਬਾਹੀ ਨੂੰ ਹੀ ਸੱਦਾ ਦਿੰਦੇ ਹਨ (4: 11)।

## ਅਸਲੀ ਖ਼ੂਬਸੂਰਤੀ ਦਾ ਰਾਜ

### (1 ਸਮੂਏਲ 25: 3)

ਅਬੀਗੈਲ ਸਚਮੁਚ ਖ਼ੂਬਸੂਰਤ ਔਰਤ ਸੀ। ਉਹ ਦਿਲ ਦੀ ਵੀ ਖ਼ੂਬਸੂਰਤ ਸੀ।

1. ਇਕ ਕਾਰਣ ਜਿਹੜਾ ਉਹਦੇ ਦਿਲ ਦੀ ਖ਼ੂਬਸੂਰਤੀ ਨੂੰ ਵਿਖਾਉਂਦਾ ਹੈ ਉਹ ਉਸ ਦਾ ਵਿਸ਼ਵਾਸ ਹੈ!
2. ਅਬੀਗੈਲ ਦੇ ਵਿਸ਼ਵਾਸ ਕਾਰਣ ਉਸ ਦੀ ਖੂਸਬਸੂਰਤੀ ਉਸਦੀ ਚਮਕਦਾਰ ਅਤੇ ਰੋਬਦਾਰ ਮੌਜੂਦਗੀ ਅਤੇ ਚਿੜਚਿੜੇ ਅਤੇ ਗੁੱਸਾ ਕਰਨ ਵਾਲੇ ਆਦਮੀ ਨੂੰ ਸ਼ਾਂਤ ਕਰਨ ਦੀ ਉਸਦੀ ਕਾਬਲੀਅਤ ਵਿਚ ਨਜ਼ਰ ਆਉਂਦੀ ਹੈ।
3. ਇਨ੍ਹਾਂ ਗੁਣਾਂ ਕਰਕੇ, ਉਹ ਸਭ ਲੋਕਾਂ ਲਈ ਬਰਕਤ ਸੀ ਜਿਨ੍ਹਾਂ ਨਾਲ ਉਸ ਦਾ ਸੰਪਰਕ ਸੀ (25: 32)।

ਦਿਲ ਦੀ ਖੂਬਸੂਰਤੀ ਖ਼ੁਦਾ ਦਾ ਖ਼ੌਫ਼ ਰੱਖਣ ਵਾਲੀ ਔਰਤ ਨੂੰ ਆਪਣੀ ਜ਼ਿੰਦਗੀ ਵਿਚ ਖ਼ੁਦਾ ਦਾ ਮਕਸਦ ਪੂਰਾ ਕਰਨ ਦੇ ਯੋਗ ਬਣਾ ਦਿੰਦੀ ਹੈ। ਉਸ ਨੂੰ ਅਸਲ ਖ਼ੂਬਸ਼ੂਰਤੀ ਦਾ ਰਾਜ ਮਿਲ ਜਾਵੇਗਾ।

## ਗੁੱਸੇ ਨੂੰ ਟਾਲਣਾ

**(1 ਸਮੂਏਲ 25:24-31)**

ਦਾਊਦ ਬੇਹੱਦ ਗੁੱਸੇ ਵਿਚ ਸੀ। ਉਹ ਆਪਣਾ ਗੁੱਸਾ ਵਿਖਾਉਣ ਹੀ ਵਾਲਾ ਸੀ। ਅਜਿਹੇ ਗੁੱਸੇ ਨੂੰ ਟਾਲਣ ਲਈ ਕੋਈ ਔਰਤ ਕੀ ਕਰ ਜਾਂ ਕਹਿ ਸਕਦੀ ਹੈ? ਅਬੀਗੈਲ ਸਾਡੇ ਲਈ ਨਮੂਨਾ ਹੈ।

1. ਗੁੱਸਾ ਕਰਣ ਵਾਲਿਆਂ ਕੋਲ ਦੀਨ ਹੋ ਕੇ ਜਾਓ (25:24)।
2. ਆਪਣੀਆਂ ਕਮੀਆਂ ਨੂੰ ਮੰਨ ਲਓ ਅਤੇ ਤਕਲੀਫ਼ਾਂ ਦੀ ਜ਼ਿੰਮੇਵਾਰੀ ਲਓ (25:28)।
3. ਮਾਮਲੇ ਵਿਚ ਖ਼ੁਦਾ ਨੂੰ ਲੈ ਆਓ (25:29–31)।
4. ਰਹਿਮ ਭਰੇ ਢੰਗ ਨਾਲ ਮਾਫ਼ੀ ਨੂੰ ਮਨ ਲਓ (25:32, 33)।
5. ਸਾਫ਼ ਗੱਲਬਾਤ ਲਈ ਸ਼ਬਦਾਂ ਦੀ ਵਰਤੋਂ ਕਰੋ ਅਤੇ ਧਿਆਨ ਨਾਲ ਸੁਣੋ ਵੀ (25:24, 35)।

## ਉਪਾਅ ਅਨੁਸਾਰ ਰਖਵਾਲੀ

**(1 ਸਮੂਏਲ 25:29)**

ਖ਼ੁਦਾ ਉਨ੍ਹਾਂ ਲੋਕਾਂ ਦੀ ਰਖਵਾਲੀ ਦਾ ਉਪਾਅ ਕਰੇਗਾ ਜਿਹੜੇ ਉਹਦੇ ਨਾਲ ਸੰਗਤੀ ਵਿਚ ਰਹਿੰਦੇ ਹਨ।

1. ਇਲਾਹੀ ਰਖਵਾਲੀ ਦੀ ਸ਼ਰਤ: ਸਾਨੂੰ ਖ਼ੁਦਾ ਨਾਲ ''ਜੁੜੇ'' ਹੋਣਾ ਜਰੂਰੀ ਹੈ।
2. ਇਲਾਹੀ ਰਖਵਾਲੀ ਦਾ ਕੰਮ: ਬੁਰਿਆਈ ਸਾਥੋਂ ਭੱਜ ਜਾਵੇਗੀ।

ਇਹ ਰੱਖਵਾਲੀ ਇਕ ਹਕੀਕਤ ਹੈ ਅਤੇ ਇਸ ਬਾਰੇ ਕੋਈ ਸ਼ਕ ਨਹੀਂ ਹੋਣਾ ਚਾਹੀਦਾ।

## ਖ਼ੁਦਾ ਨਾਲ ਜੁੜੇ

**(1 ਸਮੂਏਲ 25:29)**

ਅਬੀਗੈਲ ਨੇ ਦੱਸਿਆ ਕਿ ਦਾਊਦ ਦੀ ਜ਼ਿੰਦਗੀ ਅਜਿਹੀ ਸੀ ਕਿ ਉਸਦੀ ਜ਼ਿੰਦਗੀ ਖ਼ੁਦਾ ਨਾਲ ਬੱਝੀ (ਜੁੜੀ, ਲਪੇਟੀ) ਸੀ। ਅਜਿਹੀ ਨਜ਼ਦੀਕੀ ਸੰਗਤੀ ਨਾਲ ਕਈ ਵੱਡੇ–ਵੱਡੇ ਫ਼ਲ ਮਿਲਦੇ ਹਨ:

1. ਉਹ ਉਨ੍ਹਾਂ ਦੀਆਂ ਗੱਲਾਂ ਸੁਣੇਗਾ ਜਿਨ੍ਹਾਂ ਨੇ ਉਹਨੂੰ ਤੰਗ ਕੀਤਾ ਹੈ (25:27)।
2. ਉਹ ਬ੍ਰਦਾਸ਼ਤ ਦਾ ਘਰ ਹੋਵੇਗਾ (25:28)।
3. ਉਹ ਯਹੋਵਾਹ ਦੀਆਂ ਲੜਾਈਆਂ ਲੜੇਗਾ (25:28)।
4. ਉਹ ਆਪਣੀ ਜ਼ਿੰਦਗੀ ਦੀ ਚੌਕਸੀ ਕਰੇਗਾ ਤਾਂ ਜੋ ਉਸ ਦੇ ਕੰਮਾਂ ਵਿਚ ਬੁਰਿਆਈ ਨਾ ਮਿਲੇ (25:28)।
5. ਬੁਰਿਆਰਾਂ ਤੋਂ ਉਸ ਦੀ ਰਾਖੀ ਹੋਵੇਗੀ (25:29)।

ਵਫ਼ਾਦਾਰ ਜ਼ਿੰਦਗੀ ਨਾਲ ਇਸ ਅਤੇ ਆਉਣ ਵਾਲੀ ਜ਼ਿੰਦਗੀ ਵਿਚ ਇਨਾਮ ਮਿਲਦੇ ਹਨ।

**ਖ਼ੁਦਾ ਦੇ ਸੇਵਕ**

(**1 ਸਮੂਏਲ** 25: 32)

ਦਾਊਦ ਅਬੀਗੈਲ ਦੀ ਮਦਦ ਲਈ ਸ਼ੁਕਰਗੁਜ਼ਾਰ ਸੀ ਅਤੇ ਉਸ ਨੇ ਖ਼ੁਦਾ ਦੀ ਤਾਰੀਫ਼ ਕੀਤੀ ਉਸ ਮਦਦ ਲਈ ਜਿਹੜੀ ਉਸ ਤੋਂ ਮਿਲੀ ਸੀ।

1. ਖ਼ੁਦਾ ਵੱਲੋਂ ਸਾਡੀ ਮਦਦ ਕਰਨ ਅਤੇ ਸਾਡੇ ਗਲਤ ਹੋਣ ਤੇ ਸਾਨੂੰ ਸੁਧਾਰਣ ਦੇ ਉਪਾਅ ਵਜੋਂ ਕਈ ਲੋਕਾਂ ਨੂੰ ਵਰਤਿਆ ਜਾਂਦਾ ਹੈ।
2. ਖ਼ੁਦਾ ਦੇ ਅਜਿਹੇ ਸੇਵਕਾਂ ਦਾ ਸਵਾਗਤ ਹੋਣਾ ਅਤੇ ਉਨ੍ਹਾਂ ਦੀ ਸੁਣੀ ਜਾਣੀ ਜ਼ਰੂਰੀ ਹੈ।
3. ਇਨ੍ਹਾਂ ਸੇਵਕਾਂ ਵੱਲੋਂ ਸਾਡੀ ਮਦਦ ਦੇ ਬਾਅਦ, ਖ਼ੁਦਾ ਦੀ ਸ਼ੁਕਰਗੁਜ਼ਾਰੀ ਹੋਣੀ ਜ਼ਰੂਰੀ ਹੈ ਕਿਉਂਕਿ ਉਸ ਨੇ ਸਾਡੀ ਸੰਭਾਲ ਕੀਤੀ।

**ਤੀਹਰੀ ਬਰਕਤ**

(**1 ਸਮੂਏਲ** 25: 32, 33)

ਦਾਊਦ ਅਬੀਗੈਲ ਦੀ ਮਦਦ ਲਈ ਸ਼ੁਕਰਗੁਜ਼ਾਰ ਸੀ। ਉਸ ਨੇ ਇਸ ਨੂੰ ਤੀਹਰੀ ਬਰਕਤ ਮੰਨਿਆ।

1. ਖ਼ੁਦਾ ਦੀ ਬਰਕਤ ਜਿਹੜਾ ਸੰਭਾਲ ਕਰਦਾ, ਚਲਾਉਂਦਾ ਅਤੇ ਮਦਦ ਕਰਦਾ ਹੈ।
2. ਮਨੁੱਖੀ ਸਮਝ ਜਾਂ ''ਪਰਖ'' ਦੀ ਬਰਕਤ।
3. ਸੰਤਾਂ ਦੀ ਬਰਕਤ ਜਿਹੜੇ ਐਨੀ ਫ਼ਿਕਰ ਕਰਦੇ ਹਨ ਕਿ ਉਹ ਸਾਡੇ ਤਕ ਪਹੁੰਚਦੇ ਹਨ।

**ਸਮੂਏਲ: ਸਮਰਪਣ ਦੀ ਇਕ ਮਿਸਾਲ**

ਸਮੂਏਲ ਦੀ ਕਹਾਣੀ ਖ਼ੁਦਾ ਲਈ ਸਮਰਪਣ ਅਤੇ ਸ਼ਰਧਾ ਦੀ ਇਕ ਅਜਿਹੀ ਕਹਾਣੀ ਹੈ ਜਿਸ ਦੀ ਕੋਈ ਬਰਾਬਰੀ ਨਹੀਂ ਹੈ। ਮਾਂ ਦੇ ਗਰਭ ਵਿਚ ਪੈਣ ਤੋਂ ਲੈ ਕੇ ਕਬਰ ਵਿਚ ਰੱਖੇ ਜਾਣ ਤਕ, ਉਹ ਇਕ ਸਮਰਪਤ ਆਦਮੀ ਸੀ।

1. ਉਹ ਆਪਣੀ ਜਵਾਨੀ ਵਿਚ ਉਤਾਵਲਾ ਸੀ (2: 11, 18–21; 3: 1–21)।
2. ਬਾਲਕ ਹੋਣ ਦੇ ਆਪਣੇ ਸਾਲਾਂ ਦੌਰਾਨ ਉਹ ਮਜ਼ਬੂਤ ਇਰਾਦੇ ਵਾਲਾ ਰਿਹਾ (7: 1–17)।
3. ਉਹ ਆਪਣੇ ਸੁਨਹਰੀ ਸਾਲਾਂ ਵਿਚ ਸੰਤੁਸ਼ਟ ਸੀ (8: 1ਤੋਂ; 9: 15–10: 25; 12: 1–25)।
4. ਉਸ ਨੂੰ ਮੌਤ ਵੇਲੇ ਇਨਾਮ ਮਿਲਿਆ (25: 1; 28: 12–19)।

ਉਸ ਦੀ ਜੀਵਨੀ ਤੋਂ ਹਰ ਉਮਰ ਦੇ ਲੋਕਾਂ ਨੂੰ ਖ਼ੁਦਾ ਨੂੰ ਸਮਰਪਤ ਹੋਣ ਦੀ ਪ੍ਰੇਰਣਾ ਮਿਲਦੀ ਹੈ।